**International Journal of Research in Social Sciences**
**Vol. 13 Issue 08, August 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਸ੍ਰੀ ਗੁਰੂ ਗ੍ਰੰਥ ਸਾਹਿਬ: ਲੋਕਧਾਰਾ ਤੋਂ ਬਾਣੀ ਤੱਕ ਰੂਪਾਂਤਰਣ ਦੀ ਪ੍ਰਕਿਰਿਆ

**ਡਾ. ਜਸਵੀਰ ਕੌਰ**
ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ।

ਲੋਕਧਾਰਾ ਲੋਕ ਮਾਨਸ ਦੀ ਅਭਿਵਿਅਕਤੀ ਕਰਦੀ ਹੈ। ਇਹ ਲੋਕ ਸਮੂਹ ਦੀ ਜ਼ਿੰਦਗੀ ਦੇ ਅਸਲ ਅਨੁਭਵਾਂ ਨੂੰ ਵਿਅਕਤ ਕਰਦੀ ਹੈ। ਲੋਕਧਾਰਾ ਕੇਵਲ ਮੰਨੋਰੰਜਨ ਦਾ ਸਾਧਨ ਨਹੀਂ ਹੁੰਦੀ ਸਗੋਂ ਇਹ ਲੋਕਾਂ ਦੀਆਂ ਭਾਵਨਾਵਾਂ, ਵਿਸ਼ਵਾਸਾਂ, ਰਸਮਾਂ-ਰਿਵਾਜਾਂ ਅਤੇ ਸਭਿਅਚਾਰਕ ਜੀਵਨ ਮੁੱਲਾਂ ਦੀ ਧਾਰਨੀ ਹੁੰਦੀ ਹੈ। ਪੰਜਾਬ ਦੀ ਧਰਤੀ ਲੋਕਧਾਰਾ ਦੇ ਵਗਦੇ ਪਾਣੀ ਨਾਲ ਸੀਂਚੀ ਗਈ ਹੈ। ਲੋਕਧਾਰਾ ਵਿਚਲੇ ਲੋਕਗੀਤਾਂ, ਕਹਾਵਤਾਂ, ਵਾਰਾਂ, ਧੁਨੀਆਂ, ਲੋਕ-ਬੋਲੀਆਂ, ਮੁਹਾਵਾਰਿਆਂ ਆਦਿ ਨੇ ਲੋਕ-ਚੇਤਨਾ ਦਾ ਨਿਰਮਾਣ ਕੀਤਾ ਹੈ। ਇਸੇ ਕਾਰਣ ਜਦੋਂ ਸਿੱਖ ਗੁਰੂਆਂ ਨੇ ਆਪਣੀ ਬਾਣੀ ਦੀ ਰਚਨਾ ਕੀਤੀ ਤਾਂ ਉਹਨਾਂ ਨੇ ਕੇਵਲ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਸਿਰਫ਼ ਅਪਣਾਇਆ ਹੀ ਨਹੀਂ ਸਗੋਂ ਉਹਨਾਂ ਨੇ ਗੁਰਬਾਣੀ ਦੇ ਉੱਚਤਮ ਅਧਿਆਤਮਕ ਅਤੇ ਨੈਤਿਕ ਮੁੱਲਾਂ ਨਾਲ ਜੋੜ ਕੇ ਨਵੀਂ ਦਿਸ਼ਾ ਅਤੇ ਸੇਧ ਦਿੱਤੀ। ਗੁਰੂ ਗ੍ਰੰਥ ਸਾਹਿਬ ਸਾਹਿਤ, ਧਰਮ ਅਤੇ ਸਭਿਆਚਾਰ ਦਾ ਬਹੁਮੁੱਲਾ ਖਜ਼ਾਨਾ ਹੈ। ਇਹ ਕੇਵਲ ਧਰਾਮਿਕ ਗ੍ਰੰਥ ਨਹੀਂ ਸਗੋਂ ਇਹ ਪੰਜਾਬੀ ਲੋਕ-ਚੇਤਨਾ ਅਤੇ ਲੋਕਧਾਰਾ, ਸਭਿਆਚਾਰ ਅਤੇ ਸਾਹਿਤਕ ਧਰਾਵਾਂ ਦਾ ਸੰਕਲਨ ਵੀ ਹੈ। ਇਸ ਵਿਚ 6 ਗੁਰੂਆਂ ਦੀ ਬਾਣੀ ਦੇ ਨਾਲ ਨਾਲ ਭਗਤਾਂ, ਭੱਟਾਂ,ਗੁਰਸਿੱਖਾਂ ਦੀ ਬਾਣੀ ਦਰਜ ਹੈ। ਜਿਨ੍ਹਾਂ ਦਾ ਸਬੰਧ ਵੱਖ-ਵੱਖ ਧਾਰਮਿਕ ਅਤੇ ਸਭਿਆਚਾਰਕ ਪਿਛੋਕੜਾਂ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਰਚੇਤਿਆਂ ਨੇ ਆਪਣੀ ਬਾਣੀ ਵਿਚ ਲੋਕਧਾਰਾ ਦੇ ਵੱਖ-ਵੱਖ ਤੱਤਾਂ ਨੂੰ ਵਰਤ ਕੇ ਸਮੁੱਚੀ ਕਾਇਨਾਤ ਅੱਗੇ ਇਕ ਬਹੁਮੁੱਲਾ ਧਾਰਮਿਕ, ਨੈਤਿਕ ਅਤੇ ਆਤਮਕ ਦਰਸ਼ਨ ਵੀ ਉਜਾਗਰ ਕੀਤਾ ਹੈ। ਜੋ ਗੁਰਬਾਣੀ ਦੀ ਵਿਲੱਖਣਤਾ ਦਾ ਪ੍ਰਮਾਣ ਹੈ। ਇਸ ਸਾਰੀ ਪ੍ਰਕਿਰਿਆ ਨੂੰ ਅਸੀਂ 'ਲੋਕਧਾਰਾ ਤੋਂ ਬਾਣੀ ਦਾ ਰੂਪਾਂਤਰਣ' ਦੇ ਅਰਥਾਂ ਵਿਚ ਇਸ ਖੋਜ-ਪੇਪਰ ਵਿਚ ਸਮਝਣ ਦਾ ਯਤਨ ਕਰਾਂਗੇ। ਰੂਪਾਂਤਰਣ ਦੀ ਇਹ ਪ੍ਰਕਿਰਿਆ ਬਹੁਮੱਖੀ ਸੀ। ਲੋਕਧਾਰਾ ਦੇ ਰੂਪ ਵਿਚ ਪੰਜਾਬੀ ਸਭਿਆਚਾਰ ਵਿਚ ਕਿਸਾਨੀ ਜੀਵਨ ਰੁੱਤਾਂ ਦਾ ਪਰਿਵਰਤਨ, ਜੰਗੀ ਕਥਾਵਾਂ, ਸਮਾਜਿਕ ਰਸਮਾਂ ਨਾਲ ਜੁੜੀਆਂ ਸਨ। ਉਹ ਗੁਰਬਾਣੀ ਵਿਚ ਆਤਮਕ ਅਨੁਭਵਾਂ ਨੂੰ ਰੱਬੀ ਭਗਤੀ ਅਤੇ ਸਮਾਜਿਕ ਸੁਧਾਰ ਦੇ ਸੰਦੇਸ਼ ਦੇਣ ਲਈ ਵਰਤੇ ਗਏ ਹਨ। ਜਿਵੇਂ ਲੋਕਧਾਰਾ ਵਿਚ ਪ੍ਰਚਲਿਤ 'ਬਾਰਾਂਮਾਂਹ' ਕਿਸਾਨੀ ਜੀਵਨ ਦੀਆਂ ਰੁੱਤਾਂ ਅਤੇ ਉਸ ਨਾਲ ਸੰਬੰਧਿਤ ਕਾਰਜਾਂ ਦਾ ਵਰਣਨ ਕਰਦੇ ਸਨ। ਉਥੇ ਗੁਰਬਾਣੀ ਵਿਚ ਬਾਰਾਂਮਾਂਹ ਨੂੰ ਮਨੁੱਖ ਅਤੇ ਰੱਬ ਦੇ ਆਤਮਕ ਮਿਲਾਪ, ਭਗਤੀ ਦੇ ਰਸਤੇ ਅਤੇ ਬਿਰਹੋ ਮਿਲਾਪ ਦੇ ਭਾਵਾਂ ਨਾਲ ਜੋੜ ਕੇ ਨਵੀਂ ਆਧਿਆਮਿਕ ਵਿਆਖਿਆ ਪ੍ਰਦਾਨ ਕੀਤੀ ਹੈ। ਹੱਥਲੇ ਖੋਜ-ਪੇਪਰ ਦਾ ਮੁੱਖ ਉਦੇਸ਼ ਇਹ ਸਮਝਣਾ ਹੈ ਕਿ ਲੋਕਧਾਰਾ ਦੇ ਕਿਹੜੇ-ਕਿਹੜੇ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਨਾਤਮਕ ਤੌਰ ਤੇ ਸੰਕਲਿਤ ਕੀਤੇ ਗਏ ਹਨ? ਉਹਨਾਂ ਦਾ ਰੂਪਾਂਤਰਣ ਕਿਵੇਂ ਹੋਇਆ? ਰੂਪਾਂਤਰਣ ਉਪਰੰਤ ਬਾਣੀ ਰਾਹੀਂ ਕਿਹੜੇ-ਕਿਹੜੇ ਅਧਿਆਤਮਕ, ਸਮਾਜਿਕ ਅਤੇ ਸਭਿਆਚਾਰਕ ਸੰਦੇਸ਼ ਦਿੱਤੇ ਗਏ? ਹੱਥਲੇ ਖੋਜ-ਪੇਪਰ

**International Journal of Research in Social Sciences**
**Vol. 13 Issue 08, August 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਵਿਚ ਅਸੀਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਗੁਰਬਾਣੀ ਕੇਵਲ ਮਨੁੱਖਤਾ ਨੂੰ ਧਾਰਮਿਕ ਸੰਦੇਸ਼ ਜਾਂ ਉਪਦੇਸ਼ ਹੀ ਨਹੀਂ ਦਿੰਦੀ ਸਗੋਂ ਲੋਕਧਾਰਾ ਦੇ ਵੱਖ-ਵੱਖ ਕਾਵਿ ਰੂਪਾਂ ਅਤੇ ਤੱਤਾਂ ਨੂੰ ਨਵੇਂ ਆਤਮਕ, ਨੈਤਿਕ ਅਤੇ ਸਮਾਜਿਕ ਅਰਥਾਂ ਵਿਚ ਸੰਵਾਰ ਕੇ ਜੀਵਨ ਦਰਸ਼ਨ ਦਾ ਉੱਚਤਮ ਮਾਡਲ ਵੀ ਪੇਸ਼ ਕਰਦੀ ਹੈ।

ਬਾਣੀ ਲੋਕਧਾਰਾ ਨੂੰ ਸਿਰਫ਼ ਲੋਕ-ਰਸ ਦੇ ਪੱਧਰ ਤੱਕ ਸੀਮਿਤ ਨਹੀਂ ਰੱਖਦੀ ਸਗੋਂ ਪ੍ਰਭੂ ਮਿਲਾਪ ਦਾ ਸਾਧਨ ਬਣਦੀ ਹੈ। ਪੰਜਾਬੀ ਸਭਿਆਚਾਰ ਦੀ ਲਗਾਤਾਰਤਾ ਅਤੇ ਵਿਰਾਸਤ ਨੂੰ ਵੀ ਸੰਭਾਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ-ਕਿਹੜੇ ਕਾਵਿ ਰੂਪਾਂ ਦਾ ਰੂਪਾਂਤਰਣ ਮਿਲਦਾ ਹੈ। ਇਸ ਬਾਬਤ ਚਰਚਾ ਕਰਨ ਤੋਂ ਪਹਿਲਾਂ ਅਸੀਂ ਸੰਖੇਪ ਰੂਪ ਵਿਚ ਲੋਕਧਾਰਾ ਦੀ ਪ੍ਰਕਿਰਤੀ ਬਾਰੇ ਚਰਚਾ ਕਰਦੇ ਹਾਂ। ਲੋਕਧਾਰਾ ਤੋਂ ਬਾਣੀ ਦਾ ਰੂਪਾਂਤਰਣ ਇਕ ਗਹਿਰੀ ਅਤੇ ਸਭਿਆਚਾਰਕ ਪ੍ਰਕਿਰਿਆ ਹੈ। ਜਿਸ ਰਾਹੀਂ ਲੋਕਾਂ ਦਾ ਸਾਝਾਂ ਅਨੁਭਵ ਲੋਕਧਾਰਾ, ਲੋਕਕਥਾਵਾਂ, ਲੋਕਗੀਤਾਂ, ਮੁਹਾਵਾਰਿਆਂ ਅਤੇ ਰੋਜ਼ਮਰਾ ਦੇ ਜੀਵਨ ਵਿਚ ਵਰਤੇ ਜਾਣ ਵਾਲੇ ਬਿੰਬ, ਪ੍ਰਤੀਕ, ਜਦੋਂ ਗੁਰਬਾਣੀ ਵਿਚ ਪੇਸ਼ ਹੁੰਦੇ ਹਨ ਤਾਂ ਉਹ ਆਤਮਾ ਦੀ ਰੂਹਾਨੀ ਅਵਸਥਾ ਦਾ ਰੂਪ ਧਾਰਨ ਕਰ ਲੈਂਦੇ ਹਨ। ਇਸ ਲਈ ਗੁਰਬਾਣੀ ਸਿਰਫ਼ ਧਾਰਮਿਕ ਗ੍ਰੰਥ ਹੀ ਨਹੀਂ ਸਗੋਂ ਆਪਣੇ ਸਮੇਂ ਦੇ ਪੂਰੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਪ੍ਰਵਚਨ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਗੁਰਬਾਣੀ ਵਿਚ ਭਾਸ਼ਾ ਉਹੀ ਵਰਤੀ ਗਈ ਹੈ ਜੋ ਆਮ ਲੋਕ ਰੋਜ਼ਾਨਾ ਜ਼ਿੰਦਗੀ ਵਿਚ ਵਰਤਦੇ ਸਨ ਤਾਂ ਜੋ ਹਰ ਵਰਗ, ਜਾਤ, ਧਰਮ ਦਾ ਮਨੁੱਖ ਇਸ ਵਿਚਲੀ ਡੂੰਘਾਈ ਨੂੰ ਸਮਝ ਸਕੇ। ਲੋਕਧਾਰਾ ਮਨੁੱਖੀ ਜੀਵਨ ਦੀ ਉਹ ਸਰਬਸਾਂਝੀ ਵਿਰਾਸਤ ਹੈ ਜੋ ਬਿਨਾਂ ਕਿਸੇ ਪੁਸਤਕ ਪ੍ਰਕਾਸ਼ਨ ਦੇ ਪੀੜ੍ਹੀਓ-ਪੀੜ੍ਹੀ ਮੌਖਿਕ ਰੂਪ ਵਿਚ ਅੱਗੇ ਵੱਧਦੀ ਜਾਂਦੀ ਹੈ। ਇਸ ਬਾਬਤ ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਆਖਦੇ ਹਨ, "ਲੋਕਧਾਰਾ ਉਹ ਪ੍ਰਵਾਹ ਹੈ, ਜਿਸ ਵਿਚ ਅਸੀਂ ਸਹਿਜ ਭਾਵ ਹੀ ਵਿਚਰਦੇ ਤੇ ਵਿਗਸਦੇ ਰਹਿੰਦੇ ਹਾਂ ਤੇ ਜੀਵਨ ਵਿਚ ਬਹੁਤ ਕੁਝ ਜੋ ਅਸੀਂ ਕਰਦੇ, ਮਾਣਦੇ ਤੇ ਚਿਤਰਦੇ ਹਾਂ।ਉਸ ਉੱਤੇ ਲੋਕ-ਧਾਰਾ ਦੀ ਸਾਪ ਸੁੱਤੇ-ਸਿਧ ਲੱਗੀ ਹੁੰਦੀ ਹੈ।"[1]

ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕਧਾ ਰਾ ਮੌਖਿਕ ਰੂਪ ਵਿਚ ਚੱਲਣ ਵਾਲਾ ਪ੍ਰਵਾਹ ਹੈ, ਜਿਸ ਵਿਚ ਅਨੇਕਾਂ ਸਹਿਜ ਭਾਵ ਉਪਜਦੇ ਅਤੇ ਬਿਨਸਦੇ ਰਹਿੰਦੇ ਹਨ। ਜਿਨ੍ਹਾਂ ਉੱਤੇ ਲੋਕਧਾਰਾ ਦਾ ਪ੍ਰਵਾਹ ਸੁੱਤੇ ਸਿਧ ਹੀ ਪੈਦਾ ਰਹਿੰਦਾ ਹੈ। ਇਹੀ ਧਾਰਨਾ ਲੋਕ ਸਾਹਿਤ ਨੂੰ ਵਿਸ਼ਿਸ਼ਟ ਸਾਹਿਤ ਨਾਲੋਂ ਵਖਿਰਾਉਂਦੀ ਹੈ।

ਲੋਕਧਾਰਾ ਦੀ ਸਮੱਗਰੀ ਜਦੋਂ ਲਿਖਤੀ ਰੂਪ ਵਿਚ ਲਿਪੀਬੱਧ ਹੁੰਦੀ ਹੈ ਤਾਂ ਉਸ ਵਿਚੋਂ ਸੰਗੀਤਕ ਸ਼ੈਲੀ ਵਿਚਲੇ ਕਈ ਤੱਤ ਖਾਰਿਜ ਹੋ ਜਾਂਦੇ ਹਨ। ਇਸ ਬਾਰੇ ਡਾ. ਨਾਹਰ ਸਿੰਘ ਆਪਣੇ ਵਿਚਾਰ ਪੇਸ਼ ਕਰਦੇ ਲਿਖਦੇ ਹਨ, "ਕਿਸੇ ਵੀ ਰੀਤ ਅਤੇ ਰਸਮ ਨਾਲ ਗਾਏ ਜਾਣ ਵਾਲੇ ਲੋਕਗੀਤ ਨੂੰ ਸਹੀ ਅਰਥਾਂ ਵਿਚ ਉਸਦੇ ਉਚਾਰ-ਸੰਦਰਭ ਦੇ ਅੰਤਰਗਤ ਹੀ ਜਿਉਂਦਾ ਰੱਖਿਆ ਜਾ ਸਕਦਾ ਹੈ, ਉਸਨੂੰ ਲਿਪੀਵੱਧ ਕਰਦਿਆਂ ਉਸ ਵਿਚੋਂ ਬਹੁਤ ਕੁੱਝ ਗਵਾਚ ਜਾਂਦਾ ਹੈ।"[2]

ਉਪਰੋਕਤ ਵਿਵਰਣ ਤੋਂ ਬਾਅਦ ਅਸੀਂ ਆਖ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਲਈ ਇਕ ਅਦੁਤੀ ਖਜ਼ਾਨਾ ਹੈ। ਜਿਸ ਵਿਚ ਲੋਕਧਾਰਾ ਵਾਸਤਵਿਕ ਰੂਪ ਵਿਚ ਸੰਭਾਲੀ ਪਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੋਕ-ਕਾਵਿ ਦੇ ਕਿੰਨੇ ਹੀ ਰੂਪਾਂ ਨੂੰ ਸਾਂਭਿਆ ਪਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਨੂੰ ਲੋਕ-ਕਾਵਿ ਮੌਖਿਕ ਭਾਵ ਗਾਇਨ ਸ਼ੈਲੀ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਅਤੇ ਲਿਖਤੀ ਸਾਹਿਤ ਦੇ ਰੂਪ

ਵਿਚ ਵੀ ਗੁਰਬਾਣੀ ਵਰਗੇ ਮਹਾਨ ਵਿਸ਼ਿਸ਼ਟ ਗ੍ਰੰਥ ਵਿਚ ਲੋਕ-ਕਾਵਿ ਰੂਪਾਂ ਦੀ ਵਰਤੋਂ ਭਵਿੱਖ ਦੇ ਕਿਸੇ ਅਗਲੇਰੇ ਸਭਿਆਚਾਰਕ ਸੰਦਰਭਾਂ ਵਿਚ ਨਵੇਂ ਅਧਿਆਤਮਕ ਅਰਥਾਂ ਦੇ ਨਾਲ ਜੋੜਿਆ ਗਿਆ ਹੈ। ਗੁਰਬਾਣੀ ਵਿਚ ਵਰਤੇ ਗਏ ਲੋਕ-ਕਾਵਿ ਰੂਪ ਕਿਸ ਤਰ੍ਹਾਂ ਲੋਕਧਾਰਾ ਤੋਂ ਬਾਣੀ ਰੂਪਾਂਤਰਣ ਦਾ ਸਫ਼ਰ ਤਹਿ ਕਰਦੇ ਹੋਏ ਕਿਵੇਂ ਉੱਚੇ ਆਧਿਆਤਮਿਕ ਅਰਥਾਂ ਵਿਚ ਬਦਲ ਜਾਂਦੇ ਹਨ। ਇਹ ਵਿਸ਼ਾ ਵਿਸਥਾਰ ਸਹਿਤ ਅਧਿਐਨ ਦੀ ਮੰਗ ਕਰਦਾ ਹੈ। ਜਿਸ ਬਾਬਤ ਅਸੀਂ ਵਿਸਥਾਂਰ ਸਹਿਤ ਕਰਦੇ ਕਰਦੇ ਹਾਂ।

ਗੁਰਬਾਣੀ ਦੇ ਲੋਕਧਾਰਾਈ ਅਧਿਐਨ ਵਿਚ ਸਭ ਤੋਂ ਮਹੱਤਤਵਪੂਰਨ ਪੱਖ ਲੋਕ-ਕਾਵਿ ਰੂਪਾਂ ਦੀ ਵਰਤੋਂ ਹੈ। ਬਾਰਵੀਂ ਤੋਂ ਸਤਾਰਵੀਂ ਸਦੀ ਦੇ ਕਾਲ-ਖੰਡ ਵਿਚ ਸੰਕਲਿਤ ਕੀਤੀ ਬਾਣੀ ਉੱਪਰ ਪੜਚੋਲਵੀਂ ਝਾਤ ਮਾਰਦਿਆਂ ਨਿਮਨਲਿਖਤ ਅਨੁਸਾਰ ਲੋਕ-ਕਾਵਿ ਦੇ ਅਨੇਕਾਂ ਰੂਪ ਵਰਤੇ ਗਏ ਹਨ। ਲੋਕ-ਕਾਵਿ ਰੂਪ ਦੀ ਵਰਗਵੰਡ ਸਮੇਂ ਅਸੀਂ ਡਾ. ਜਗਦੀਸ਼ ਕੌਰ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਲੋਕ-ਕਾਵਿ ਦੀਆਂ ਵੰਨਗੀਆਂ ਨੂੰ ਆਧਾਰ ਬਣਾਇਆ ਹੈ : -

1. ਰੀਤਾਂ ਦੇ ਵਾਹਕ

(ੳ)ਹਰਸ਼ ਦੀਆਂ ਰੀਤਾਂ ਰਸਮਾਂ ਵਿਚ ਵਰਤੇ ਗਏ ਜਾਣ ਵਾਲੇ ਲੋਕ-ਕਾਵਿ:-ਘੋੜੀਆਂ, ਲਾਵਾਂ, ਮੁੰਦਾਵਣੀ, ਛੰਤ।

(ਅ)ਸੋਗ ਦੀਆਂ ਰੀਤਾਂ-ਰਸਮਾਂ ਵਿਚ ਗਾਏ ਜਾਣ ਵਾਲੇ ਲੋਕ-ਕਾਵਿ:- ਅੰਜੁਲੀ, ਅਲਾਹੁਣੀਆਂ, ਸਦ

2. ਕਾਲ ਬੋਧਕ ਲੋਕ-ਕਾਵਿ

(ੳ) ਸਮਾਂ ਬੋਧਕ :- ਪਹਿਰੇ, ਦਿਨ,ਰੈਣਿ,ਵਾਰ,ਸਤ,ਥਿਤੀ

(ਅ)ਮੌਸਮ ਬੋਧਕ - ਰੁਤੀ, ਬਾਰਾਮਾਹ

3. ਉਸਤਤੀ ਮੂਲਕ ਲੋਕ-ਕਾਵਿ

(ੳ) ਪਰੰਪਰਾ ਚੋਂ ਆਏ - ਵਾਰ, ਸੋਹਲੇ, ਮੰਗਲ, ਆਰਤੀ

(ਅ)ਸਿਰਲੇਖਾਂ ਕਰਕੇ ਪ੍ਰਚਲਿਤ ਹੋਏ ਲੋਕ-ਕਾਵਿ- ਸੋਦਰ ਸੋਪੁਰਖ

4. ਸਫ਼ਰ ਰਾਹੀਆਂ ਦੇ ਗੀਤ :– ਕਰਹਲੇ, ਵਣਜਾਰੇ.ਡੱਖਣੇ।

5. ਮੁਹਾਵਰਾ ਬੋਧਕ ਲੋਕ-ਕਾਵਿ –

(ੳ)ਅਵਸਥਾ ਬੋਧਕ- ਬਿਰਹੜੇ

(ਅ) ਗੁਣ ਬੋਧਕ – ਕੁਚੱਜੀ, ਸੁੱਚਜੀ, ਗੁਣਵੰਤੀ।'

ਉਪਰੋਕਤ ਕੀਤੀ ਵੰਡ ਵਿਚ ਅਸੀਂ ਦੇਖਦੇ ਹਾਂ ਕਿ ਪਹਿਲੀ ਕਿਸਮ ਰੀਤਾਂ-ਰਸਮਾਂ ਨਿਭਾਉਣ ਸਮੇਂ ਗਾਏ ਜਾਣ ਵਾਲੇ ਲੋਕ-ਕਾਵਿ ਰੂਪਾਂ ਦੀ ਹੈ। ਇਹਨਾਂ ਦੀ ਵਿਸਥਾਰ ਪੂਰਵਕ ਚਰਚਾ ਕਰਦੇ ਹਾਂ।

**ਘੋੜੀਆਂ -** ਪੰਜਾਬੀ ਸਭਿਆਚਾਰ ਵਿਚ ਘੋੜੀਆਂ ਗਾਉਣ ਦੀ ਰਸਮ ਮੁੰਡੇ ਦੇ ਵਿਆਹ ਤੋਂ ਪਹਿਲਾਂ ਮੁੰਡੇ ਦੇ ਘਰ ਭਾਈਚਾਰੇ ਦੀਆਂ ਔਰਤਾਂ ਦੀ ਸ਼ਮੂਲੀਅਤ ਵਿਚ ਗਾਇਆ ਜਾਣ ਵਾਲਾ ਲੋਕਗੀਤ ਹੈ। ਵਣਜਾਰਾ ਬੇਦੀ ਮਹਾਨ ਕੋਸ਼ ਵਿਚ 'ਘੋੜੀਆਂ' ਬਾਰੇ ਦੱਸਦੇ ਹੋਏ ਆਖਦੇ ਹਨ, "ਉਹ

ਗੀਤ ਜੋ ਤੀਵੀਆਂ ਲਾੜ੍ਹੇ ਦੇ ਘੋੜੀ ਚੜ੍ਹਨ ਵੇਲੇ ਗਾਉਂਦੀਆਂ ਹਨ। ਇਨ੍ਹਾਂ ਮੰਗਲ-ਗੀਤਾਂ ਨੂੰ 'ਘੋੜੀਆਂ' ਵੀ ਕਿਹਾ ਜਾਂਦਾ ਹੈ ਅਤੇ ਇਹ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਵਰ ਦੇ ਘਰ ਗਾਈਆਂ ਜਾਣ ਲੱਗ ਪੈਂਦੀਆਂ ਹਨ। ਘੋੜੀਆਂ ਵਿਚ ਲਾੜ੍ਹੇ ਦੇ ਰੂਪ ਤੇ ਫੱਬਣ ਜੰਞ ਦੀ ਚੜ੍ਹਤ ਤੇ ਟੌਹਰ ਦਾ ਜਸ ਗਾਇਆ ਗਿਆ ਹੁੰਦਾ ਹੈ।"[3]

ਡਾ. ਬੇਦੀ ਦੁਆਰਾ ਕਿਹਾ ਗਿਆ ਹੈ ਕਿ 'ਘੋੜੀ' ਅਤੇ 'ਘੋੜੀਆਂ' ਸਮਾਂਤਰ ਅਰਥਾਂ ਵਿਚ ਵਰਤੇ ਗਏ ਹਨ। ਘੋੜੀਆਂ ਵਿਚ ਵਿਆਹੇ ਜਾਣ ਵਾਲੇ ਮੁੰਡੇ ਦੀ ਸ਼ਾਨ ਸ਼ੌਕਤ, ਸ਼ਾਹੀ ਠਾਠ ਦਾ ਜਸ ਗਾਇਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਘੋੜੀਆਂ ਵਿਚ ਵਿਆਹੀ ਜਾਣ ਵਾਲੀ ਬਨੋਂ ਦੀ ਵੀ ਪ੍ਰਸੰਸਾ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਲੋਕ-ਕਾਵਿ ਦੀ ਧਾਰਨਾ ਤੇ ਅਧਾਰਤਿ ਚੌਥੇ ਗੁਰੂ ਰਾਮਦਾਸ ਜੀ ਨੇ 2 ਘੋੜੀਆਂ ਦੀ ਰਚਨਾ ਰਾਗ ਵਡਹੰਸ ਵਿਚ ਕੀਤੀ ਹੈ। ਇਸ ਵਿਚ ਮਨੁੱਖੀ ਜੀਵ ਆਤਮਾ ਨੂੰ ਪ੍ਰਮਾਤਮਾ ਦੇ ਮਿਲਾਪ ਨਾਲ ਜੋੜਿਆ ਹੈ। ਗੁਰੂ ਜੀ ਨੇ ਲੋਕ-ਕਾਵਿ ਵਾਲੀਆਂ ਘੋੜੀਆਂ ਦਾ ਰੂਪਾਂਤਰਿਤ ਕਰਕੇ ਆਧਿਆਤਮਿਕ ਅਰਥ ਦਿੱਤੇ ਹਨ।

**ਲਾਵਾਂ** - ਫੇਰਿਆ ਦੇ ਸਮਾਂਤਰ ਸਿੱਖ ਜਗਤ ਵਿਚ 'ਲਾਵਾਂ' ਦੀ ਰਸਮ ਕੀਤੀ ਜਾਂਦੀ ਹੈ। ਮਹਾਨ ਕੋਸ਼ ਅਨੁਸਾਰ, "ਲਾਵਾਂ ਤੋਂ ਭਾਵ 'ਲੰਮੀ ਮੋਟੀ ਰੱਸੀ ਤੋਂ ਹੈ।'[4] ਵਿਸ਼ਵਕੋਸ਼ ਅਨੁਸਾਰ, "ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਚਾਰ ਪ੍ਰਕਰਮਾ ਲਈਆ ਜਾਂਦੀਆਂ ਹਨ। ਹਰ ਲਾਵ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਾ, ਭਾਈ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਕ 'ਲਾਵ' ਪੜ੍ਹਦਾ ਹੈ।"[5]

ਜਦੋਂ ਅਸੀਂ ਲੋਕ-ਕਾਵਿ ਵਿਚ ਦੇਖਦੇ ਹਾਂ ਤਾਂ 'ਲਾਵਾਂ' ਆਦਿ ਕੋਈ ਵੀ ਕਾਵਿ ਰੂਪ ਸਾਨੂੰ ਪ੍ਰਾਪਤ ਨਹੀਂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਸਾਨੂੰ 'ਲਾਵਾਂ' ਸਿਰਲੇਖ ਅਧੀਨ ਕਿਸੇ ਵੀ ਬਾਣੀ ਦਾ ਉਲੇਖ ਨਹੀਂ ਮਿਲਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੂਹੀ ਰਾਗ ਵਿਚ ਰਚੇ ਇਨ੍ਹਾਂ 4 ਛੰਤਾਂ ਨੂੰ ਹੀ ਸਿੱਖ ਜਗਤ ਵਿਚ ਵਿਆਹ ਸਮੇਂ ਨਿਭਾਈ ਜਾਣ ਵਾਲੀ ਰਸਮ 'ਲਾਵਾਂ' ਕਰ ਕੇ ਪ੍ਰਚਲਿਤ ਹੋ ਗਈਆਂ ਹਨ। ਲਾਵ ਦਾ ਵਿਸ਼ਾ ਕ੍ਰਮਵਾਰ ਹੇਠ ਲਿਖੇ ਅਨੁਸਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਾਵਾਂ ਰਾਗ ਸੂਹੀ (773-74) ਵਿਚ ਦਰਜ ਹਨ।

"ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲ ਰਾਮ ਜੀਉ।"[6]

ਪਹਿਲੀ ਲਾਵ ਵਿਚ ਮਨੁੱਖੀ ਜੀਵਨ ਦੀ ਸ਼ੁਰੂਆਤ ਧਰਮ ਨਾਲ ਜੁੜਨ ਦੁਆਰਾ ਦੱਸੀ ਗਈ ਹੈ। ਇਸ ਵਿਚ ਜੀਵ ਆਤਮਾ ਧਰਮ ਦੇ ਰਾਹ ਤੇ ਤੁਰਦੀ ਹੈ।

"ਹਰਿ ਦੂਜੜੀ ਲਾਵ ਸਤਿਗੁਰੁ ਪੁਰਖ ਮਿਲਾਇਆ ਬਲ ਰਾਮ ਜੀਉ।"[7]

ਦੀਜੀ ਲਾਵ ਵਿਚ ਜੀਵ ਮਾਇਆ ਦਾ ਮੋਹ ਤਿਆਗ ਕੇ ਰੱਬ ਦੇ ਰੰਗ ਵਿਚ ਰੰਗਣਾ ਸ਼ੁਰੂ ਹੋ ਜਾਂਦਾ ਹੈ।

"ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆਂ ਬਲ ਰਾਮ ਜੀਉ।"[8]

ਤੀਜੀ ਲਾਵ ਵਿਚ ਜੀਵ ਦੇ ਅੰਦਰ ਪਿਆਰ ਤੇ ਚਾਉ ਪੈਦਾ ਹੁੰਦਾ ਹੈ। ਉਸ ਦਾ ਮਨ ਵੈਰਾਗੀ ਹੋ ਕੇ ਪ੍ਰਭੂ ਨਾਲ ਜੁੜਦਾ ਹੈ।

"ਹਰਿ ਚਉਥੜੀ ਲਾਵ ਮਨਿ ਸਾਹਿਬ ਮਿਲਿਆ ਬਲ ਰਾਮ ਜੀਉ।"[9]

**International Journal of Research in Social Sciences**
**Vol. 13 Issue 08, August 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਚੌਥੀ ਲਾਵ ਵਿਚ ਆਤਮਾ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ। ਇਸ ਨੂੰ ਹੀ ਅਸਲੀ ਸੁਹਾਗ ਕਿਹਾ ਗਿਆ ਹੈ।

ਲਾਵਾਂ ਸਿਰਫ਼ ਵਿਆਰਕ ਰਸਮ ਨਹੀਂ ਹਨ ਸਗੋਂ ਮਨੁੱਖੀ ਜੀਵਨ ਦੀ ਆਤਮਕ ਯਾਤਰਾ ਦਾ ਦਰਸ਼ਨ ਵੀ ਹਨ।

**ਮੁੰਦਾਵਣੀ** - ਲੋਕ-ਕਾਵਿ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ। ਡਾ. ਜਗਦੀਸ਼ ਕੌਰ ਇਸ ਦੇ ਅਰਥ ਇਸ ਤਰ੍ਹਾਂ ਕਰ ਰਹੇ ਹਨ, "ਮੁੰਦਾਵਣੀ 'ਮੁੰਦਾ' ਧਾਤੂ ਤੋਂ ਬਣਿਆ ਸ਼ਬਦ ਹੈ ਜਿਸਦਾ ਅਰਥ ਹੈ ਮੋਹਰ ਜਾਂ ਛਾਪ।"[10] ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼ ਅਨੁਸਾਰ, "ਰਾਜੇ ਮਹਾਰਾਜਿਆ ਦਾ ਭੋਜਨ ਕਿਸੇ ਵਿਸ਼ੇਸ਼ ਅਧਿਕਾਰੀ ਦੀ ਨਿਗਰਾਨੀ ਵਿਚ ਬਣਦਾ ਸੀ ਅਤੇ ਥਾਲ ਵਿਚ ਪਰੋਸ ਕੇ ਉੱਤੇ ਮੋਹਰ ਲਾ ਦਿੱਤੀ ਜਾਂਦੀ ਸੀ ਤਾਂ ਕਿ ਕੋਈ ਦੋਖੀ ਹਾਨੀਕਾਰਕ ਜਾਂ ਵਾਧੂ ਚੀਜ਼ ਨਾ ਮਿਲਾ ਸਕੇ।"[11]

ਮਹਾਨ ਕੋਸ਼ ਅਨੁਸਾਰ, "ਮੁੰਦਣਾ ਸ਼ਬਦ ਦੇ ਅਰਥ ਮੋਹਰ ਲਾਉਣ ਬੰਦ ਕਰਨ ਦੀ ਕ੍ਰਿਆ ਦੇ ਹਨ।"[12]

ਉਪਰੋਕਤ ਹਵਾਲਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ 'ਮੁੰਦਾਵਣੀ' ਤੋਂ ਭਾਵ ਕਿਸੇ ਚੀਜ਼ ਦੀ ਸਮਾਪਤੀ ਉਪਰੰਤ ਮੋਹਰ ਲਗਾਉਣਾ, ਬਿਨ੍ਹਾ ਕਿਸੇ ਮਿਲਾਵਟ ਚੀਜ਼ ਜਾਂ ਵਸਤੂ ਦੀ ਨਿਗਰਾਨੀ ਹਿੱਤ, ਕਿਸੇ ਕੰਮ ਦੀ ਮੁੰਕਮਲਤਾ ਆਦਿ ਤੋਂ ਲਏ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ 'ਮੁੰਦਾਵਣੀ' ਬਾਣੀ ਮੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖ਼ੀਰ ਉੱਤੇ ਦਰਜ ਕੀਤੀ ਗਈ ਹੈ। ਇਹ ਬਾਣੀ ਮੁੰਕਮਲਤਾ ਭਾਵ ਸਮਾਪਤੀ ਦੇ ਪ੍ਰਤੀਕ ਵੱਲੋਂ ਸੱਚੀ ਬਾਣੀ ਵਿਚ ਕੱਚੀ ਬਾਣੀ ਦੇ ਰਲਾ ਪੈਣ ਨੂੰ ਰੋਕਣ ਲਈ ਵੀ ਵਰਤੀ ਗਈ ਜੁਗਤ ਹੈ।

**ਛੰਤ ਅਤੇ ਛੰਦ** - ਪੰਜਾਬੀ ਲੋਕ-ਕਾਵਿ ਵਿਚ 'ਛੰਤ' ਅਤੇ 'ਛੰਦ' ਰਲਦੇ ਮਿਲਦੇ ਸ਼ਬਦ ਹਨ। ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼ ਅਨੁਸਾਰ, " ਲੋਕ ਸਾਹਿਤ ਇਸਤਰੀਆਂ ਦੇ ਵਿਸ਼ੇਸ਼ ਕਿਸਮ ਦੇ ਗੀਤਾਂ ਨੂੰ ਛੰਤ ਕਿਹਾ ਜਾਂਦਾ ਹੈ।"[13]

ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼ ਵਿਚ ਇਸ ਦੀ ਗਾਇਨ ਸ਼ੈਲੀ ਬਾਰੇ ਇਸ ਤਰ੍ਹਾਂ ਦੱਸਿਆ ਗਿਆ ਹੈ। "ਇਹ ਲੰਮੀ ਹੇਕ ਵਿਚ ਗਾਇਆ ਜਾਂਦਾ ਹੈ। ਭਾਵ ਇਹ ਛੰਦ ਦਾ ਹੀ ਬਦਲਿਆ ਰੂਪ ਹੈ ਪਰ ਇਹ ਕਾਵਿ ਰੂਪ ਇਸ ਤੋਂ ਭਿੰਨ ਕਾਵਿ ਰੂਪ ਹੈ। ਛੰਦ ਦੇ ਅੰਤ ਵਿਚ ਰਾਮ, ਰਾਮਰਾਜੇ ਜਾਂ ਬਲਿਰਾਮ ਜੀਉ ਆਦਿ ਅਲਾਪਿਆ ਜਾਂਦਾ ਹੈ।"[14]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਦੇਵ ਜੀ ਨੇ 24 ਰਾਗਾਂ ਵਿਚ 24 ਛੰਤ, ਗੁਰੂ ਅਮਰਦਾਸ ਜੀ ਨੇ 4 ਰਾਗਾਂ ਵਿਚ 20 ਛੰਤ, ਗੁਰੂ ਰਾਮਦਾਸ ਜੀ ਨੇ 4 ਰਾਗਾਂ ਵਿਚ 38 ਛੰਤ, ਗੁਰੂ ਅਰਜਨ ਦੇਵ ਜੀ ਨੇ 15 ਰਾਗਾਂ ਵਿਚ 62 ਛੰਤ ਰਚੇ ਹਨ। ਇਹਨਾਂ ਛੰਤ ਵਿਚਲਾ ਮੁੱਖ ਵਿਸ਼ਾ ਭਗਤੀ ਹੈ। ਵਿਛੋੜੇ ਦੀ ਪੀੜਾਂ ਤੇ ਮਿਲਾਪ ਦੀ ਖੁਸ਼ੀ ਛੰਦ ਰਾਹੀਂ ਪ੍ਰਗਟ ਹੁੰਦੀ ਹੈ।

**ਅੰਜੁਲੀ** - ਲੋਕ-ਕਾਵਿ ਵਿਚ ਸੋਗ ਸਮੇਂ ਗਾਏ ਜਾਣ ਵਾਲੇ ਕਾਵਿ ਰੂਪਾਂ ਵਿਚ ਕ੍ਰਮਵਾਰ ਅੰਜੁਲੀਆਂ, ਅਲਾਹੁਣੀਆਂ ਅਤੇ ਸਦ ਆਉਂਦੇ ਹਨ। ਅੰਜੁਲੀ ਦਾ ਬਹੁਵਚਨ ਅੰਜੁਲੀਆਂ ਹੈ। ਡਾ. ਜਗਦੀਸ਼ ਕੌਰ ਅਜੰਲੀ ਸ਼ਬਦ ਦੇ ਅਰਥ ਕਰਦੇ ਲਿਖਦੇ ਹਨ, " ਅਜੁੰਲੀ ਸੰਸਕ੍ਰਿਤੀ ਦਾ ਸ਼ਬਦ ਹੈ ਜਿਸ ਦਾ ਅਰਥ ਜੁੜੇ ਹੋਏ (ਉਪਰੋ ਖੁੱਲ੍ਹੇ) ਹੱਥਾਂ ਤੋਂ ਹੈ। ਇਹ ਹੱਥ ਬੰਦਨਾ ਲਈ ਵੀ ਜੁੜੇ ਹੋਏ ਹੋ ਸਕਦੇ ਹਨ। ਅਰਦਾਸ ਲਈ ਵੀ, ਬੇਨਤੀ ਲਈ ਵੀ, ਪਿਤਰੀ ਪੂਜਾ, ਜਾਂ ਦੇਵੀ ਦੇਵਤੇ ਨਮਿਤ ਅਰਪਣ ਲਈ ਕੀਤੀ ਜਾਦੀ ਹੈ। ਪਾਣੀ ਦੀ ਚੂਲੀ ਜਾਂ ਤਿਲ ਚੌਲ ਆਦਿ ਦੀ ਬੁੱਕ ਨੂੰ ਵੀ ਅੰਜੁਲੀ ਕਹਿੰਦੇ ਹਨ।"[15]

**International Journal of Research in Social Sciences**
**Vol. 13 Issue 08, August 2023,**
**ISSN: 2249-2496 Impact Factor: 7.081 UGC Approved Journal Number: 48887**
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਦੋ ਅੰਜੁਲੀਆਂ ਵੈਰਾਗ ਅਤੇ ਨਾਸ਼ਮਾਨਤਾ ਦੇ ਅੰਤਿਮ ਨੂੰ ਸੱਚ ਨੂੰ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ ਗੁਰਮਤਿ ਦੀ ਮਰਿਆਦਾ ਅਨੁਸਾਰ ਜੀਵਨ ਜਿਉਣਾ ਆਦਿ ਵਿਸ਼ੇ ਨੂੰ ਲਿਆ ਗਿਆ ਹੈ। 'ਅੰਜੁਲੀ' ਲੋਕ ਕਾਵਿ ਦਾ ਸੰਬੰਧ ਅੰਤਮ ਸਮੇਂ ਕੀਤੀ ਜਾਣ ਵਾਲੀ ਰੀਤ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਅੰਜੁਲੀ' ਸਿਰਲੇਖ ਅਧੀਨ ਦੋ ਅੰਜੁਲੀਆਂ ਰਾਗ ਮਾਰੂ ਵਿਚ ਦਰਜ ਹਨ।

**ਸਦ** - ਲੰਮੀ ਹੇਕ ਵਿਚ ਗਾਇਆ ਜਾਣ ਵਾਲਾ ਲੋਕ ਗੀਤ ਹੈ। ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਅਨੁਸਾਰ, " ਸਦ ਦਾ ਕੋਸ਼ਗਤ ਅਰਥ ਸੱਦਾ, ਬੁਲਾਵਾ, ਹਾਕ ਜਾਂ ਵਾਜ ਦੇਣਾ ਹੈ। ਮੁੱਢ ਵਿਚ ਸਦ ਪਦ ਉਨ੍ਹਾਂ ਗੀਤਾਂ ਲਈ ਵਰਤਿਆ ਜਾਂਦਾ ਸੀ, ਜਿਨ੍ਹਾਂ ਵਿਚ ਪ੍ਰੀਤਮ ਪ੍ਰੇਮਿਕਾ ਨੂੰ ਸੰਬੋਧਨ ਕਰ ਕੇ ਮਨ ਦੀ ਕੋਈ ਵੇਦਨਾ ਜਾਂ ਭਾਵ ਅਭਿਵਿਅਕਤ ਕੀਤਾ ਜਾਂਦਾ ਸੀ।"[16]

'ਸਦ ਹਮੇਸ਼ਾ ਲੰਮੀ ਹੇਕ ਵਿਚ ਗਾਈ ਜਾਂਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕੋਈ ਵੈਰਾਗ ਵਿਚ ਕਿਸੇ ਵਿਛੜੇ ਸੰਬੰਧੀ ਅਥਵਾ ਪਿਆਰੇ ਨੂੰ ਆਵਾਜ ਦੇ ਕੇ ਯਾਦ ਕਰ ਰਿਹਾ ਹੋਵੇ।'[17] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਬਾ ਸੁੰਦਰ ਵੱਲੋਂ ਰਚੀ ਸਦ ਰਾਗ ਰਾਮਕਲੀ ਵਿਚ ਦਰਜ ਹੈ। ਇਸ 'ਸਦ' ਦਾ ਉਚਾਰਨ ਬਾਬਾ ਸੁੰਦਰ ਜੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਵਿਛੋੜੇ ਦੀ ਪੀੜ ਉਪਰੰਤ ਇਸ ਲੋਕ-ਕਾਵਿ ਦੀ ਰਚਨਾ ਕੀਤੀ ਸੀ।

**ਅਲਾਹੁਣੀ** - ਸਦ ਵਾਂਗ ਹੀ ਅਗਲਾ ਕਾਵਿ-ਰੂਪ 'ਅਲਾਹੁਣੀ' ਹੈ। ਇਸ ਦਾ ਸਬੰਧ ਸੋਗ ਨਾਲ ਹੁੰਦਾ ਹੈ। ਵਣਜਾਰਾ ਬੇਦੀ ਅਨੁਸਾਰ, "ਲੋਕ-ਕਾਵਿ ਦਾ ਇਕ ਰੂਪ ਪ੍ਰਾਣੀ ਦੀ ਮੌਤ ਉੱਤੇ ਜੋ ਕਰੁਣਾਮਈ ਤੇ ਸੋਗੀ ਗੀਤ ਅਲਾਪੇ ਜਾਂਦੇ ਹਨ, ਉਨ੍ਹਾਂ ਨੂੰ ਅਲਾਹੁਣੀਆ ਕਿਹਾ ਜਾਂਦਾ ਹੈ। ਇਨ੍ਹਾਂ ਦੀ ਇਕ ਵੰਨਗੀ ਦਾ ਨਾਂ ਵੈਣ ਹੈ। ਅਲਾਹੁਣੀਆਂ ਪੀੜਤ ਹਿਰਦੇ ਦੀਆਂ ਕਰੁਣਾਮਈ ਭਾਵਨਾਵਾਂ ਦਾ ਸਾਕਾਰ ਰੂਪ ਹਨ।"[18]

ਡਾ. ਨਾਹਰ ਸਿੰਘ ਅਲਾਹੁਣੀ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ, "ਅਲਾਹੁਣੀ, ਪੇਸ਼ਾਵਰ ਸਿਆਂਪਾਕਾਰ ਵੱਲੋਂ ਉਚਾਰਿਆ ਜਾਂਦਾ 'ਸਿਆਪੇ' ਨਾਲ ਸਬੰਧੰਤ ਅਜੇਹਾ ਗੀਤ-ਰੂਪ ਹੈ ਜੋ ਮੌਤ ਦੇ ਸ਼ੋਕ ਭਾਵ ਨੂੰ ਥੀਮਕ ਟਕਰਾਉ ਵਿਚ ਪੇਸ਼ ਕਰਕੇ ਸੁਲਝਾਉ ਵਲ ਲੈ ਜਾਂਦਾ ਹੈ। ਇਸ ਦਾ ਥੀਮ, ਵਿਛੜ ਗਏ ਜੀਅ ਦੇ ਗੁਣਾਂ ਦਾ ਗਾਨ ਅਤੇ ਪਿੱਛੇ ਰਹਿ ਗਿਆ ਨੂੰ ਧਰਵਾਸ ਦੇਣਾ ਹੁੰਦਾ ਹੈ।"[19]

ਉਪਰੋਕਤ ਪਰਿਭਾਸ਼ਾਵਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਸੋਗ ਗੀਤ ਉੱਚੀ ਤੇ ਤਿੱਖੀ ਸੁਰ ਵਿਚ ਮਰਾਸਣ ਅਤੇ ਔਰਤਾਂ ਵੱਲੋਂ ਛਾਤੀ ਤੇ ਹੱਥ ਮਾਰ ਕੇ ਗਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ 5 ਅਲਾਹੁਣੀਆਂ ਅਤੇ ਅਮਰਦਾਸ ਜੀ ਵੱਲੋਂ 4 ਅਲਾਹੁਣੀਆਂ ਦੀ ਰਚਨਾ ਕੀਤੀ ਗਈ ਹੈ। ਬੇਸ਼ਕ ਅਲਾਹੁਣੀਆਂ ਦਾ ਪ੍ਰਵੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੁਰਾਤਨ ਰੂੜ੍ਹੀਆਂ ਸਮੇਤ ਹੁੰਦਾ ਹੈ ਪਰੰਤੂ ਇਹ ਗੁਰਮਤਿ ਦੀ ਵਿਚਾਰਧਾਰਾ ਦੇ ਅਨੁਸਾਰੀ ਮ੍ਰਿਤਕ ਨਾਲ ਸੰਬੰਧਿਤ ਸੰਸਕਾਰਾਂ ਦੀ ਨਿਖੇਧੀ ਕਰਕੇ ਪ੍ਰਮਾਤਮਾ ਦੇ ਗੁਣਾਂ ਦੀ ਸਿਫ਼ਤ ਕਰਦੀਆਂ ਹਨ।

**ਪਹਿਰੇ** - ਕਾਲ ਵੰਡ ਦੇ ਅਧਾਰ ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਈ ਕਾਵਿ-ਰੂਪ ਮਿਲਦੇ ਹਨ। ਇਹਨਾਂ ਦੀ ਸਮੇਂ ਅਤੇ ਮੌਸਮ ਅਨੁਸਾਰ ਵਰਗਵੰਡ ਕੀਤੀ ਗਈ ਹੈ। 'ਪਹਿਰੇ' ਅਜਿਹਾ ਕਾਵਿ ਰੂਪ ਹੈ ਜੋ ਦਿਨ ਰਾਤ ਦੇ ਚਾਰ-ਚਾਰ ਪਹਿਰਾਂ ਵਿਚ ਵੰਡਿਆ ਗਿਆ ਹੈ। ਪਹਿਰੇ ਅਜਿਹਾ ਕਾਵਿ ਰੂਪ ਹੈ ਜੋ ਦਿਨ ਰਾਤ ਦੇ ਚਾਰ ਚਾਰ ਪਹਿਰਾਂ ਵਿਚ ਵੰਡਿਆਂ ਜਾਂਦਾ ਹੈ। ਗੁਰਬਾਣੀ ਵਿਚ ਹਰ ਪਹਿਰ ਨੂੰ ਮਨੁੱਖਾਂ ਜੀਵਨ ਦੇ ਕਿਸੇ ਪੜਾਅ ਨਾਲ ਜੋੜ ਕੇ ਸਮੇਂ ਦਾ ਸਹੀ ਉਪਯੋਗ ਕਰਨ ਦਾ ਸੁਨੇਹਾ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ (ਸ੍ਰੀ

ਗੁਰੂ ਅਰਜਨ ਦੇਵ ਜੀ ਵੱਲੋਂ ਇਕ ਪਹਿਰਾ ਸੰਕਲਿਤ ਕੀਤਾ ਗਿਆ ਹੈ, ਜੋ ਸਿਰੀ ਰਾਗ ਵਿਚ ਦਰਜ ਹੈ।) ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦੋ ਪਹਿਰੇ ਤੇ ਗੁਰੂ ਰਾਮਦਾਸ ਜੀ ਵੱਲੋਂ ਇਕ ਪਹਿਰੇ ਦੀ ਰਚਨਾ ਕੀਤੀ ਗਈ ਹੈ। ਬਾਣੀ ਵਿਚ ਪਹਿਰੇ ਸਮੇਂ ਦੇ ਬੀਤ ਜਾਣ ਦਾ ਪ੍ਰਤੀਕ ਹੈ। ਗੁਰੂ ਜੀ ਵੱਲੋਂ ਮਾਨਵਤਾ ਨੂੰ ਪਹਿਰਿਆਂ ਰਾਹੀਂ ਸਮਝਾਇਆ ਗਿਆ ਹੈ ਕਿ ਘੜੀ-ਘੜੀ ਮਨੁੱਖਾ ਜੀਵਨ ਦੀ ਅਉਧ ਘੱਟਦੀ ਜਾ ਰਹੀ ਹੈ। ਜਿੰਦਗੀ ਦਾ ਅਸਲੀ ਉਦੇਸ਼ ਸਮਝਾ ਕੇ ਜਿੰਦਗੀ ਦੀ ਨਾਸ਼ਮਾਨਤਾ ਤੋਂ ਵੀ ਜਾਣੂ ਕਰਵਾਇਆ ਜਾ ਰਿਹਾ ਹੈ।

**ਦਿਨ ਰੈਣਿ -** ਲੋਕ-ਕਾਵਿ ਦੀ ਵਰਤੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੀਤੀ ਮਿਲਦੀ ਹੈ। ਇਸ ਵਿਚ ਵੀ ਮਨੁੱਖ ਨੂੰ ਦਿਨ ਰਾਤ ਲੰਘ ਰਹੀਂ ਵਿਅਰਥ ਜਿੰਦਗੀ ਪ੍ਰਤੀ ਸੁਚੇਤ ਕਰਦਿਆ ਰੱਬ ਨੂੰ ਹਮੇਸ਼ਾ ਯਾਦ ਰੱਖਣ ਦੀ ਤਾਕੀਦ ਕੀਤੀ ਜਾ ਰਹੀ ਹੈ। ਗੁਰਬਾਣੀ ਵਿਚ ਇਸ ਦੀ ਵਰਤੋਂ ਕੇਵਲ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਰਾਗ ਮਾਝ ਵਿਚ ਕੀਤੀ ਮਿਲਦੀ ਹੈ। ਇਹ ਬਾਣੀ ਹਰ ਸਮੇਂ ਵਿਚ ਸੇਵਾ ਅਤੇ ਸਿਮਰਨ ਦਾ ਉਪਦੇਸ਼ ਦਿੰਦੀ ਹੈ।

**ਵਾਰ ਸਤ** - ਸਤਵਾਰਾ ਲੋਕ-ਕਾਵਿ ਦੇ ਰੂਪ ਦਾ ਰੂਪਾਂਤਰਣ ਹੈ। ਇਸ ਬਾਬਤ ਡਾ. ਜਗਦੀਸ਼ ਲੋਰ ਇਸ ਤਰ੍ਹਾਂ ਸਮਝਾ ਰਹੇ ਹਨ, "ਸਤਵਾਰਾ ਵਿਚ ਹਫ਼ਤੇ ਦੇ ਸਤ ਦਿਨਾਂ ਨਾਲ ਸੰਬੰਧਿਤ ਵਿਸ਼ਵਾਸ਼ਾਂ ਅਧਾਰਿਤ ਰਚਨਾ ਕੀਤੀ ਗਈ ਹੁੰਦੀ ਹੈ। 'ਸਤਵਾਰਾ' ਦਾ ਅਰਥ ਸਤ ਦਿਨਾਂ ਵਾਲਾ ਬਣਦਾ ਹੈ। ਉਥੇ ਵਾਰ ਸਤ ਦਾ ਅਰਥ ਹਰ ਦਿਨ ਸੱਚ ਹੈ, ਬਣਦਾ ਹੈ।"[20]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਕੀ ਸੂਝ ਨਾਲ ਲੋਕ-ਕਾਵਿ ਦੀ ਪੁਰਾਤਨ ਮਹੱਤਾ ਵੀ ਬਣਾਈ ਰੱਖੀ ਅਤੇ ਇਸ ਨੂੰ ਨਵੀਨਤਮ ਅਰਥਾਂ ਵਿਚ ਪੇਸ਼ ਕਰਕੇ ਲੋਕਾਂ ਦੇ ਮਨਾਂ ਅੰਦਰ ਪੈਦਾ ਹੋਏ ਬੇਬੁਨਿਆਦ ਵਿਸਵਾਸ਼ਾਂ ਦਾ ਖੰਡਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਮਰਦਾਸ ਜੀ ਨੇ ਬਿਲਾਬਲ ਰਾਗ ਵਿਚ, ਕਬੀਰ ਜੀ ਨੇ ਗਾਉੜੀ ਰਾਗ ਵਿਚ 'ਵਾਰ ਸਤ' ਦੀ ਰਚਨਾ ਕੀਤੀ ਹੈ।

ਰੁਤੀ ਅਤੇ ਬਾਰਾਮਾਹ -'ਰੁਤੀ' ਅਤੇ 'ਬਾਰਾਮਾਹ' ਦੋ ਅਜਿਹੇ ਕਾਵਿ ਰੂਪ ਹਨ ਜਿਨ੍ਹਾਂ ਵਿਚ ਵਿਅਕਤੀ ਦੀ ਦਸ਼ਾ ਪ੍ਰਕਿਰਤੀ ਦੇ ਨਿਯਮਾਂ ਦੇ ਸਮਾਂਤਰ ਬਿਆਨ ਕੀਤੀ ਗਈ ਹੈ। ਸਮੇਂ ਵਿਚ ਤਬਦੀਲੀ ਕੁਦਰਤੀ ਹੈ। 'ਰੁਤੀ' ਵਿਚ ਦੋ ਦੋ ਮਹੀਨਿਆਂ ਅਰਥਾਤ ਤਬਦੀਲੀ ਛੇ ਰੁੱਤਾਂ ਅਨੁਸਾਰ ਅਤੇ ਬਾਰਾਮਾਹ ਵਿਚ ਕੁਦਰਤੀ ਤਬਦੀਲੀ ਹਰ ਮਹੀਨੇ ਵਾਪਰਦੀ ਹੈ। ਪ੍ਰਕਿਤਰੀ ਦੇ ਬਦਲਾਵ ਨਾਲ ਮਨੁੱਖੀ ਜੀਵਨ ਅਤੇ ਆਤਮਕ ਅਨੁਭਵ ਨਾਲ ਜੋੜ ਕੇ ਇਹਨਾਂ ਦੋ ਕਾਵਿ ਰੂਪਾਂ ਵਿਚ ਦਰਸਾਏ ਗਏ ਹਨ। ਕਿ ਕਿਵੇਂ ਇਕ ਗੁਰਸਿੱਖ ਵਿਅਕਤੀ ਕੁਦਰਤ ਦੇ ਹਰ ਰੰਗ ਵਿਚੋਂ ਸੱਚੇ ਰੱਬ ਦੇ ਦੀਦਾਰ ਕਰਦਾਹੈ। ਉਸ ਪਰਮਸੱਤਾ ਨਾਲ ਜੁੜਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰੁਤੀ' ਦੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਰਾਗ ਰਾਮਕਲੀ ਵਿਚ ਕੀਤੀ ਗਈ ਹੈ। 'ਬਾਰਾਮਾਹ' ਦੀ ਰਚਨਾ ਸ੍ਰੀ ਗੁਰੂ ਨਾਨਾਕ ਦੇਵ ਜੀ ਵੱਲੋਂ ਰਾਗ ਤੁਖਾਰੀ ਵਿਚ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਮਾਝ ਰਾਗ ਵਿਚ ਰਚਨਾ ਕੀਤੀ ਗਈ ਹੈ। ਉਪਰੋਕਤ ਦੋਵੇਂ ਕਾਵਿ ਰੂਪ ਪ੍ਰੇਮ ਦੀ ਗਹਿਰਾਈ, ਵੈਰਾਗ ਦੀ ਤੜਪ, ਪ੍ਰਭੂ ਪ੍ਰਾਪਤੀ ਦੀ ਤੀਬਰ ਇੱਛਾ, ਪ੍ਰਕਿਰਤੀ ਦੇ ਵਿਸਮਾਦਕ ਦ੍ਰਿਸ਼ ਮਿਲ ਕੇ ਮਨੁੱਖੀ ਅਨੁਭਵਾਂ ਦੀ ਅਦਭੁਤ ਤਸਵੀਰ ਪੇਸ਼ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰਮ ਪਿਤਾ ਪਰਮਾਤਮਾ ਦੁਆਰਾ ਪੈਦਾ ਕੀਤੀ ਸ੍ਰਿਸ਼ਟੀ ਦੀ ਸਿਰਜਨਾ ਦੀ ਪ੍ਰਸੰਸ਼ਾ ਵਿਸਮਾਦ ਹੈ। ਲੋਕ-ਕਾਵਿ ਵਿਚ ਵਾਰ, ਸੋਹਲੇ, ਮੰਗਲ, ਆਰਤੀ ਪਰੰਪਰਾ ਵਿਚੋਂ ਆਏ ਉਸਤਤੀ ਮੂਲਕ ਕਾਵਿ ਰੂਪ ਹਨ। ਪੰਜਾਬੀ ਸਭਿਆਚਾਰ ਵਿਚ ਭੱਟ,

ਮਰਾਸੀ, ਡੂਮ ਆਦਿ ਜਾਤਾਂ ਨੂੰ ਉਸਤਤੀ ਕਰਨ ਵਾਲੀਆਂ ਜਾਤਾਂ ਵਿਚੋਂ ਜਾਣੀਆਂ ਜਾਂਦੀਆਂ ਸਨ। ਇਹ ਜਾਤਾਂ ਰਾਜਿਆਂ, ਮਹਾਂਰਾਜਿਆਂ ਦਾ ਜਸ ਗਾਇਨ ਕਰਕੇ ਆਪਣਾ ਜੀਵਨ ਨਿਰਬਾਹ ਕਰਦੀਆਂ ਸਨ। ਸੋਦਰ, ਸੋਪੁਰਖ ਸਿਰਲੇਖਾਂ ਅਧੀਨ ਰਚੀ ਗਈ ਬਾਣੀ ਦਾ ਮੂਲ ਵਿਸ਼ਾ ਉਸਤਤੀ ਕਰਨਾ ਹੈ। ਪਰੰਤੂ ਏਥੇ ਪਰੰਪਰਾ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ। ਉਸਤਤੀ ਹੁਣ ਵਿਅਕਤੀ ਕੇਂਦਰਤ ਨਾ ਹੋ ਕੇ ਰੱਬ ਕੇਂਦਰਿਤ ਹੋ ਗਈ ਹੈ।

**ਵਾਰ** - 'ਵਾਰ' ਪੰਜਾਬੀ ਸਭਿਆਚਾਰ ਦਾ ਮੌਲਿਕ ਕਾਵਿ ਰੂਪ ਹੈ ਜਿਸ ਵਿਚ ਵੀਰ ਨਾਇਕ ਦੇ ਜਸ ਗਾਇਨ ਕੀਤਾ ਜਾਂਦਾ ਹੈ। ਪੁਰਾਣੇ ਸਮੇਂ ਵਿਚ ਡੂੰਮ, ਮਰਾਸੀ ਅਤੇ ਢਾਡੀ ਲੋਕ ਸੂਰਮਿਆਂ ਦਾ ਜਸ ਗਣਉਣ ਲਈ ਵਾਰ ਕਾਵਿ ਦੀ ਵਰਤੋਂ ਕਰਦੇ ਸਨ। ਡਾ. ਜਗਦੀਸ਼ ਅਨੁਸਾਰ, "ਵਾਰ ਸ਼ਬਦ ਦਿਨ ਦੇ ਅਰਥਾਂ ਦਾ ਵੀ ਸਮਾਨਅਰਥੀ ਹੈ ਕਿਉਂਕਿ 'ਵਾਰ' ਇਤਿਹਾਸਕ ਅੰਸ਼ਾਂ ਨਾਲ ਉਤਪ੍ਰੋਤ ਰਚਨਾ ਹੁੰਦੀ ਹੈ ਸੋ ਸੰਭਵ ਹੈ ਕਿ 'ਵਾਰ' ਦਾ ਮੂਲ ਖ਼ਾਸ 'ਦਿਨ' ਜਾਂ ਦਿਹਾੜਾ ਹੋਵੇ। ਭਾਵ ਉਹ ਵਾਰ, ਦਿਨ ਜਾਂ ਦਿਹਾੜਾ ਜਿਸ ਦਿਨ ਨਾਇਕ ਨੇ ਯੁੱਧ ਵੀਰਤਾ ਦੇ ਕੌਤਕ ਦਿਖਾ ਕੇ ਫ਼ੈਸਲਾਕੁਨ ਜਿੱਤ ਜਾਂ ਗੌਰਵਮਈ ਸ਼ਹੀਦੀ ਪ੍ਰਾਪਤ ਕੀਤੀ ਅਤੇ ਯੁੱਧ ਦਾ ਉਹ ਵਾਰ ਦਿਨ ਨਾਇਕ ਦੇ ਨਾਂ ਨਿਬੜਿਆ ਹੋਵੇ।"[21] ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਕਿ ਅਸੀਂ ਵਾਰ ਨੂੰ ਦੋ ਅਰਥਾਂ ਵਿਚ ਸਮਝ ਸਕਦੇ ਹਾਂ ਕਿ ਵਾਰ ਇਕ ਤਾਂ ਪੰਜਾਬੀ ਸਭਿਆਚਾਰ ਦਾ ਮੌਲਿਕ ਪੁਰਾਤਨ ਕਾਵਿ ਰੂਪ ਹੈ ਜਿਸ ਵਿਚ ਵੀਰ ਨਾਇਕ ਦੀ ਪ੍ਰਸੰਸ਼ਾ ਕੀਤੀ ਜਾਂਦੀ ਹੈ। ਦੂਜਾ ਨਾਇਕ ਦੀ ਜਿੱਤ ਜਾਂ ਸ਼ਹੀਦੀ ਵਾਲੇ ਦਿਨ ਨੂੰ ਵਾਰ ਵਾਰ ਯਾਦ ਕਰਕੇ ਉਸ ਯੋਧੇ ਦਾ ਜਸ ਗਾਇਨ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 22 ਵਾਰਾਂ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ 3 ਵਾਰਾਂ, ਗੁਰੂ ਅਮਰਦਾਸ ਜੀ ਨੇ 4 ਵਾਰਾਂ, ਗੁਰੂ ਰਾਮਦਾਸ ਜੀ ਨੇ 8 ਵਾਰਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 6 ਵਾਰਾਂ ਦੀ ਰਚਨਾ ਕੀਤੀ ਹੈ। ਇਕ ਵਾਰ ਸੱਤੇ ਅਤੇ ਬਲਵੰਤ ਦੀ ਹੈ। ਇਹਨਾਂ ਵਾਰਾਂ ਵਿਚੋਂ 9 ਵਾਰਾਂ ਨੂੰ ਪ੍ਰਚੀਨ ਵਾਰਾਂ ਦੀ ਧੁਨੀ ਤੇ ਗਾਉਣ ਦਾ ਆਦੇਸ਼ ਹੈ। ਇਹਨਾਂ ਵਾਰਾਂ ਦਾ ਮੁੱਖ ਵਿਸ਼ਾ ਪਰਮੇਸ਼ਰ ਨੂੰ ਨਾਇਕ ਦੇ ਰੂਪ ਵਿਚ ਚਿਤਰ ਕੇ ਜਸ ਗਾਇਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵੱਡੀ ਵਾਰ 'ਸਾਰੰਗ ਕੀ ਵਾਰ' ਜਿਸ ਨੂੰ 'ਰਾਇ ਹਸਨੇ ਕੀ ਧੁਨੀ' ਉੱਪਰ ਗਾਉਣ ਦਾ ਆਦੇਸ਼ ਹੈ। ਇਸ ਨੂੰ ਗੁਰੂ ਰਾਮਦਾਸ ਜੀ ਵੱਲੋਂ ਰਚਿਆ ਗਿਆ ਹੈ। ਇਸ ਵਾਰ ਵਿਚ 36 ਪਾਉੜੀਆਂ ਅਤੇ 74 ਸਲੋਕ ਹਨ। ਸਲੋਕਾਂ ਦੀ ਰਚਨਾ ਕ੍ਰਮਵਾਰ ਪਹਿਲੇ ਗੁਰੂ ਜੀ ਦੇ 33 ਸਲੋਕ, ਦੂਜੇ ਗੁਰੂ ਜੀ, 9 ਸਲੋਕ, ਤੀਜੇ ਗੁਰੂਜੀ 23 ਸਲੋਕ, ਚੌਥੇ ਗੁਰੂ ਜੀ 6 ਸਲੋਕ ਅਤੇ ਪੰਜਵੇਂ ਗੁਰੂ ਜੀ ਦੇ 3 ਸਲੋਕ ਸ਼ਾਮਿਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਤੋਂ ਛੋਟੀ ਵਾਰ ਬਸੰਤ ਕੀ ਵਾਰ ਜਿਸ ਵਿਚ ਕੇਵਲ ਤਿੰਨ ਪਾਉੜੀਆਂ ਹਨ। ਉਸ ਵਿਚ ਕੋਈ ਵੀ ਸਲੋਕ ਨਹੀਂ ਵਰਤਿਆ ਗਿਆ। ਜਿਸ ਦੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਨੇ ਕੀਤੀ ਹੈ ਅਤੇ ਇਸ ਵਿਚ ਪਰਮਾਤਮਾ ਦੀ ਪ੍ਰਸ਼ੰਸ਼ਾ ਕੀਤੀ ਗਈ ਹੈ।

ਲੋਕ-ਕਾਵਿ ਧਾਰਾ ਵਿਚ ਪ੍ਰਚੱਲਿਤ ਇਸ ਵਾਰ ਕਾਵਿ ਰੂਪ ਦੀ ਵਰਤੋਂ ਇਕ ਪਾਸੇ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਇਹ ਕਾਵਿ ਰੂਪ ਲੋਕਾਂ ਵਿਚ ਕਾਫ਼ੀ ਹਰਮਨ ਪਿਆਰਾ ਸੀ। ਦੂਜਾ ਇਸ ਰਾਹੀਂ ਅਧਿਆਤਮਿਕਤਾ ਦੀ ਇਕ ਨਵੀਂ ਅਗਵਾਈ ਅਤੇ ਅਰਥਪੂਰਨ ਦਿਸ਼ਾ ਵੀ ਪ੍ਰਦਾਨ ਕੀਤੀ ਗਈ ਹੈ। ਜਿਸ ਨਾਲ ਲੋਕਧਾਰਾ ਅਤੇ ਅਧਿਆਤਮਿਕਤਾ ਵਿਚ ਅਟੁੱਟ ਰਿਸ਼ਤਾ ਵੀ ਸਥਾਪਿਤ ਹੁੰਦਾ ਹੈ। ਪ੍ਰਸੰਸ਼ਾ ਅਧੀਨ ਲੋਕ-ਕਾਵਿ ਰੂਪ ਦੇ ਅੰਤਰਗਤ ਸੋਹਿਲਾ ਕਾਵਿ ਰੂਪ ਵੀ ਵਿਚਾਰ ਚਰਚਾ ਦਾ ਵਿਸ਼ਾ ਬਣਦੇ ਹਨ।

ਸੋਹਿਲਾ - ਗੁਰੂ ਗਰੰਥ ਸੰਕੇਤ ਕੋਸ਼ ਵਿਚ ਸੋਹਲੇ ਤੋਂ ਭਾਵ ਹੈ, "ਸੋਲਾਂ ਪਸੇ ਜਾਂ ਬੰਦ ਤੋਂ ਬਣਨ ਕਰਕੇ ਕੋਈ ਰਚਨਾ ਸੋਹਲਾ ਕਹਾਉਂਦੀ ਹੈ।"[22] ਡਾ. ਮਹਿੰਦਰ ਕੌਰ ਗਿੱਲ ਅਨੁਸਾਰ, "ਸੋਹਿਲੇ ਮੰਗਲਮਈ ਗੀਤ ਹੁੰਦੇ ਹਨ ਜਿਸਨੂੰ ਬੱਚੇ ਛਟੀ ਅਤੇ ਬਾਰਵੇਂ ਦਿਨ ਪਰਿਵਾਰ ਦੀਆਂ ਇਸਤਰੀਆਂ ਬੜੇ ਹੁਲਾਸ ਨਾਲ ਗਾਉਂਦੀਆਂ ਹਨ। ਸੋਹਲੇ ਨੂੰ ਕੋਲ ਬੋਲੀ ਵਿਚ 'ਮੰਗਲ' ਵੀ ਕਿਹਾ ਜਾਂਦਾ ਹੈ। ਮੰਗਲ ਸ਼ਬਦ ਸ਼ਾਇਦ ਸੋਹਿਲੇ ਦੀ ਬਿਰਤੀ ਦਾ ਹੀ ਲਖਾਇਕ ਹੈ।"[23]

ਉਪਰੋਕਤ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ 16 ਪਦਿਆ ਵਾਲੀ ਰਚਨਾ ਦਾ ਨਾਂ ਸੋਹਿਲਾ ਹੈ। ਇਸ ਤੋਂ ਇਲਾਵਾ ਇਸ ਨੂੰ ਸ਼ੁਭ ਭਾਵ ਖੁਸ਼ੀ ਦੇ ਪ੍ਰਗਟਾਵੇ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਰਾਗ ਗਾਉੜੀ' ਵਿਚ ਸੋਹਿਲਾ ਸਾਹਿਬ ਦੀ ਬਾਣੀ ਅੰਕਿਤ ਹੈ। ਸੋਹਿਲਾ ਵਿਚ ਗੁਰੂ ਰੂਪ ਪ੍ਰਮਾਤਮਾ ਦੀ ਸਿਫ਼ਤ ਕੀਤੀ ਗਈ ਹੈ। ਸੋਹਿਲਾ ਬਾਣੀ ਵਿਚ ਪੰਜ ਸ਼ਬਦ ਹਨ। ਪਹਿਲੇ 3 ਸ਼ਬਦ ਗੁਰੂ ਨਾਨਕ ਦੇਵ ਜੀ, ਚੌਥਾ ਸ਼ਬਦ ਗੁਰੂ ਰਾਮਦਾਸ ਜੀ ਦਾ ਅਤੇ ਪੰਜਵਾਂ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਅੰਕਿਤ ਹੈ। ਇਸ ਬਾਣੀ ਵਿਚ ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਗਈ ਹੈ। ਉਸ ਦੀ ਰਚਨਾ ਦੀ ਵਿਸ਼ਾਲਤਾ ਅਤੇ ਆਤਮਕ ਅਮਰਤਾ ਦਾ ਵਰਣਨ ਕੀਤਾ ਗਿਆ ਹੈ। ਸਿੱਖਾਂ ਵਿਚ ਇਹ ਬਾਣੀ ਇਕ ਪਾਸੇ ਰੱਬ ਨਾਲ ਸੰਬੰਧ ਮਜ਼ਬੂਤ ਬਣਾਉਂਦੀ ਹੈ। ਦੂਜੇ ਪਾਸੇ ਲੋਕ-ਪਰੰਪਰਾ ਦੇ ਤੱਤ ਧਾਰਮਿਕ ਅਭਿਆਸ ਦਾ ਹਿੱਸਾ ਵੀ ਬਣਦੇ ਹਨ। ਇਸ ਤੋਂ ਇਲਾਵਾ ਮੰਗਲ ਸਿਰਲੇਖ ਅਧੀਨ ਚੌਥੇ ਅਤੇ ਪੰਜਵੇਂ ਗੁਰੂ ਜੀ ਦੀ ਰਚਨਾ ਪ੍ਰਾਪਤ ਹੁੰਦੀ ਹੈ। ਛੰਤਾਂ ਦੀ ਲੈਅ ਵਾਲੀ ਇਸ ਰਚਨਾ ਵਿਚ ਪ੍ਰਭੂ ਦੀ ਸਿਫ਼ਤ ਸਲਾਹ ਅਤੇ ਰੱਬੀ ਪਰੰਪਰਾ ਦੀ ਜੋਤ ਜਾਗਦੀ ਹੈ। ਇਹ ਰਚਨਾ ਰੂਪਕੀ ਅਤੇ ਵਿਸ਼ੇ ਜੁਗਤ ਪੱਖੋਂ 'ਛੰਤ' ਦੀ ਸਹਿਧਰਮਾਧਾਰੀ ਹੈ।

**ਆਰਤੀ** -ਲੋਕ-ਕਾਵਿ ਦਾ ਅਗਲਾ ਭਾਗ ਆਰਤੀ ਦਾ ਹੈ। ਆਰਤੀ ਵਿਚ ਇਸ਼ਟ ਦੇਵ ਦੀ ਪੂਜਾ, ਅਰਾਧਨਾ, ਮਹਿਮਾ ਥਾਲ ਵਿਚ ਦੀਵੇ ਜਗਾ ਕੇ ਗਾਇਨ ਦੀ ਰਸਮ ਰਾਹੀਂ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੁਆਰਾ 'ਆਰਤੀ' ਸਿਰਲੇਖ ਅਧੀਨ ਕੀਤੀ ਗਈ ਰਚਨਾ ਨੂੰ ਗੁਰਮਤਿ ਦਰਸ਼ਨ ਦੇ ਧਰਾਤਲ ਤੋਂ ਪੇਸ਼ ਕੀਤਾ ਜਾਂਦਾ ਹੈ। ਗੁਰੂ ਜੀ ਅਨੁਸਾਰ ਆਰਤੀ ਬਾਣੀ ਵਿਚ ਰਾਤ ਦੀ ਰੋਜ਼ਾਨਾ ਅਭਿਆਸ ਦੀ ਸਧਾਰਨ ਪ੍ਰਥਾ ਨਹੀਂ ਹੈ ਬਲਕਿ ਇਹ ਮਨੁੱਖੀ ਜੀਵਨ ਵਿਚ ਅਨੰਤ,ਮੰਗਲ, ਪ੍ਰਭੂ ਪ੍ਰਤੀ ਨਿਸ਼ਠਾ ਦੀ ਵੀ ਪ੍ਰਤੀਕ ਹੈ। ਗੁਰੂ ਜੀ ਦੁਆਰਾ ਇਸ ਬਾਣੀ ਰਾਹੀਂ ਜਗਤ ਨੂੰ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਸਿਰਜਕ ਦੀ ਸਿਰਜਣਾ ਹੀ ਆਪਣੇ ਆਪ ਵਿਚ ਸਦਾ ਸ਼ੁਭਤਾ, ਸੁੰਦਰਤਾ ਅਤੇ ਨਿਰੰਤਰਤਾ ਨਾਲ ਭਰੀ ਹੋਈ ਹੈ। ਗੁਰੂ ਨਾਨਕ ਦੇਵ ਹੀ 'ਆਰਤੀ' ਰਾਹੀਂ ਦੀਵਿਆਂ ਦੇ ਥਾਲ ਸਜਾਉਣ ਦੀ ਥਾਂ ਤੇ ਸੰਪੂਰਨ ਲੋਕਾਈ ਨੂੰ ਪ੍ਰਭੂ ਦੀ ਵਿਸ਼ਾਲਤਾ ਵਿਚ ਅਭੇਦ ਹੋਣ ਦਾ ਮਾਰਗ ਦੱਸਦੇ ਹਨ।

ਚੌਥੇ ਵਰਗ ਅਧੀਨ ਸਫ਼ਰ ਕਰਦੇ ਸਮੇਂ ਕਰਹਲੇ,ਵਣਜਾਰੇ,ਡੱਖਣੇ ਆਦਿ ਕਾਵਿ ਰੂਪਾਂ ਦਾ ਉਚਾਰਨ ਕੀਤਾ ਜਾਂਦਾ ਹੈ। ਡਾ.ਜਗਦੀਸ਼ ਕੌਰ ਅਨੁਸਾਰ, "ਕਰਹਲੇ, ਡੱਖਣੇ ਤੇ ਵਣਜਾਰੇ ਦਾ ਸੰਬੰਧ ਸਫ਼ਰ ਨਾਲ ਹੈ। ਲੰਮੇ ਸਫ਼ਰ ਦਾ ਅਕੇਵਾਂ ਥਕੇਵਾਂ ਤੇ ਡਰ ਦੂਰ ਕਰਨ ਲਈ ਇਹ ਰਾਹਗੀਰ ਅਕਸਰ ਗਾਉਂਦਿਆਂ ਰਸਤੇ ਤੈਅ ਕਰਦੇ। ਵੈਰਾਗ ਭਾਵ ਨੂੰ ਪ੍ਰਗਟਾਉਂਦਿਆਂ ਇਹ ਧਾਰਨਾ ਬਣ ਗਈ। ਕਿਤੇ ਵਿਸ਼ੇਸ਼ ਲੋਕ ਧੁਨ ਦੇ ਆਧਾਰ ਤੇ ਗਾਏ ਜਾਂਦੇ ਇਹ ਸ਼ਲੋਕ ਡੱਖਣੇ ਕਹਾਏ, ਕਿਤੇ ਕਰਹਲੇ ਤੇ ਕਿਤੇ ਵਣਜਾਰੇ ਕਰਕੇ ਪ੍ਰਸਿੱਧ ਹੋਏ।"[24]

ਉਪਰੋਕਤ ਪਰਿਭਾਸ਼ਾ ਵਿਚ ਇਹਨਾਂ ਤਿੰਨੇ ਕਾਵਿ ਰੂਪਾਂ ਨੂੰ ਇਕੋ ਹੀ ਅਰਥ ਵਿਚ ਵਿਚਾਰਿਆ ਗਿਆ ਹੈ। ਇਸ ਵਿਚ ਸਫ਼ਰ ਕਰਨ ਵਾਲੇ ਵਿਅਕਤੀਆਂ ਦੇ ਭਾਵਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਕਰਹਲੇ' ਅਤੇ 'ਵਣਜਾਰੇ' ਲੋਕ-ਕਾਵਿ ਦੀ ਵਰਤੋਂ ਕੇਵਲ ਚੌਥੇ ਗੁਰੂ ਰਾਮਦਾਸ ਜੀ ਵੱਲੋਂ ਕੀਤੀ ਗਈ ਹੈ। 'ਡੱਖਣੇ' ਸਿਰਲੇਖ ਅਧੀਨ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਹੈ। ਤਿੰਨੇ ਲੋਕ-ਕਾਵਿ ਵੈਰਾਗ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਨ। ਲੋਕ ਹਿਰਦਿਆਂ ਵਿਚ ਵਸੇ ਇਹ ਲੋਕ-ਕਾਵਿ ਰੂਪ ਅਤੇ ਇਹਨਾਂ ਦੀਆਂ ਧੁਨਾਂ, ਹੇਕਾਂ ਨੂੰ ਗੁਰਬਾਣੀ ਵਿਚ ਸਮੋ ਲਿਆ ਗਿਆ ਹੈ। ਇਹ ਤਿੰਨੇ ਲੋਕ-ਕਾਵਿ ਦਾ ਸੁਮੇਲ ਲੋਕਿਕ ਜੀਵਨ, ਅਧਿਆਤਮਿਕ ਜੀਵਨ,ਦਾਰਸ਼ਨਿਕ ਚਿੰਤਨ ਨੂੰ ਇਕਸਾਰ ਕਰਕੇ ਆਮ ਮਨੁੱਖ ਤੱਕ ਗਹਿਰਾਈ ਵਾਲੀ ਸਿੱਖਿਆ ਅਤੇ ਸਮਝ ਪਹੁੰਚਾਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਵ ਇਹ ਕਾਵਿ ਰੂਪ ਇਸ ਲਈ ਵਰਤੇ ਗਏ ਹਨ ਤਾਂ ਜੋ ਮਨੁਖ ਜੀਵਨ ਦੀ ਸਧਾਰਨਾ ਤੋਂ ਰੱਬ ਦੀ ਤਲਾਸ਼ ਅਤੇ ਆਤਮਿਕ ਚੇਤਨਾ ਦੇ ਮਾਰਗ ਤੱਕ ਪੁੱਜ ਸਕੇ।

ਲੋਕ-ਕਾਵਿ ਦੇ ਪੰਜਵੇਂ ਵਰਗ ਅਧੀਨ ਮੁਹਾਵਰਾ ਬੋਧਕ ਸ਼੍ਰੇਣੀ ਵਿਚ ਬਿਰਹੜੇ, ਕਚੁੱਜੀ, ਸੁਚੱਜੀ, ਗੁਣਵੰਤੀ ਵਰਗੇ ਲੋਕ-ਕਾਵਿ ਰੂਪਾਂ ਨੂੰ ਉਚਾਰਿਆ ਗਿਆ ਹੈ। ਡਾ.ਜਗਦੀਸ਼ ਕੌਰ ਅਨੁਸਾਰ, "ਬਿਰਹਾ ਗੀਤ ਜਿਹੜੇ ਛੰਤ ਦੀ ਲੈਅ ਉਪਰ ਗਾਏ ਜਾਂਦੇ ਹਨ। ਉਨ੍ਹਾਂ ਨੂੰ ਬਿਰਹੜੇ ਕਿਹਾ ਜਾਂਦਾ ਹੈ।"[25] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਵੇ ਗੁਰੂ ਜੀ ਨੇ 3 ਸ਼ਬਦ ਆਸਾ ਰਾਗ ਵਿਚ 'ਬਿਰਹੜੇ' ਸਿਰਲੇਖ ਅਧੀਨ ਦਰਜ ਹੈ। ਇਹਨਾਂ ਨੂੰ ਛੰਤਾਂ ਦੀ ਤਰਜ਼ ਤੇ ਗਾਉਣ ਦਾ ਆਦੇਸ਼ ਹੈ। 'ਬਿਰਹੜੇ' ਜੀਵ ਰੂਪੀ ਇਸਤਰੀ ਦੀ ਵੈਰਾਗ ਦੀ ਸਥਿਤੀ, ਪਰਮਾਤਮਾ ਰੂਪੀ ਪਤੀ ਨੂੰ ਮਿਲਣ ਦੀ ਲਾਲਸਾ ਪ੍ਰਭੂ ਦੇ ਮਿਲਾਪ ਲਈ ਕੁਝ ਵੀ ਕਰ ਗੁਜ਼ਰਨ ਦੀ ਤੜਫ਼ ਨੂੰ ਦਰਸਾਉਂਦਾ ਹੈ। ਗੁਰਬਾਣੀ ਵਿਚ ਕੁਚੱਜੀ ਅਤੇ ਸੁਚੱਜੀ, ਗੁਣਵੰਤੀ ਰਚਨਾਵਾਂ ਨੂੰ ਗੁਣਬੋਧਕ ਲੋਕ-ਕਾਵਿ ਰੂਪ ਵਿਚ ਵਿਚਾਰਿਆ ਗਿਆ ਹੈ।

ਕੁਚੱਜੀ ਤੇ ਸੁਚੱਜੀ , ਗੁਣਵੰਤੀ -ਗੁਰੂ ਨਾਨਕ ਦੇਵ ਜੀ ਦੀ 'ਕੁਚੱਜੀ' ਤੇ 'ਸੁਚੱਜੀ' ਬਾਣੀ ਦੇ ਰਚਨਹਾਰ ਹਨ। ਏਸੇ ਤਰ੍ਹਾਂ ਗੁਣਵੰਤੀ ਬਾਣੀ ਪੰਜਵੇਂ ਗੁਰੂ ਜੀ ਦੁਆਰਾ ਰਚੀ ਗਈ ਹੈ। ਇਸ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਦੀ ਸੁਚੱਜੀ ਬਾਣੀ ਦੇ ਸਮਾਂਤਰ ਰੱਖ ਕੇ ਵਿਚਾਰਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਗ 762 ਉੱਤੇ ਰਾਗ ਸੂਹੀ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਸੰਖੇਪ ਜਿਹੀ ਰਚਨਾ 'ਕੁਚੱਜੀ' ਸਿਰਲੇਖ ਅਧੀਨ ਦਰਜ ਹੈ। ਭਾਈ ਕਾਨ ਸਿੰਘ ਨਾਭਾ ਅਨੁਸਾਰ , "ਕਿ ਗੁਰੂ ਨਾਨਕ ਦੇਵ ਜੀ ਨੇ ਰਾਗ ਸੂਹੀ ਵਿਚ 'ਕੁਚੱਜੀ' ਸਿਰਲੇਖ ਹੇਠ ਅਜਿਹੀ ਇਸਤ੍ਰੀ ਦੀ ਹਾਲਤ ਨੂੰ ਬਿਆਨ ਕੀਤਾ ਹੈ, ਜੋ ਪਤੀ ਤੋਂ ਬੇਧਿਆਈ ਹੋਈ ਬੁਰੇ ਆਚਾਰ ਵਾਲੀ ਬਣ ਜਾਂਦੀ ਹੈ। ਅਜਿਹੀ ਇਸਤ੍ਰੀ ਨੂੰ ਪਤੀ ਵੀ ਸਵੀਕਾਰ ਨਹੀਂ ਕਰਦਾ ਸਗੋਂ ਉਸ ਵੱਲੋਂ ਵੀ ਦੁਰਕਾਰੀ ਜਾਂਦੀ ਹੈ। 'ਕੁਚੱਜੀ' ਦਾ ਅਰਥ ਹੈ ਬੁਰੇ ਆਚਾਰ ਵਾਲੀ ਇਸਤਰੀ।"[26]

'ਕੁਚੱਜੀ' ਬਾਣੀ ਵਿਚ ਜੀਵ ਰੂਪੀ ਇਸਤਰੀ ਨੂੰ ਸੰਸਾਰਕ ਪਦਾਰਥਾਂ ਵਿਚ ਗ੍ਰਸਤ ਹੋ ਕੇ ਪਰਮਾਤਮਾ ਰੂਪੀ ਪਤੀ ਤੋਂ ਵਿਛੜ ਗਈ ਹੈ ਉਸਦੀ ਹਾਲਾਤ ਨੂੰ ਬਿਆਨ ਕੀਤਾ ਗਿਆ ਹੈ। ਇਸ ਰਚਨਾ ਵਿਚ ਮਨ ਦੇ ਪਿਛੇ ਲੱਗਣ ਵਾਲੀ ਜੀਵਾਤਮਾ ਦੀ ਮਾਨਸਿਕ ਦਸ਼ਾ ਦਾ ਵਰਣਨ ਕੀਤਾ ਗਿਆ ਹੈ। ਸੰਸਾਰ ਦੇ ਸਾਰੇ ਪਦਾਰਥ ਮਨੁੱਖ ਲਈ ਬਣੇ ਹਨ ਪਰੰਤੂ ਮਨੁੱਖ ਉਨ੍ਹਾਂ ਲਈ ਨਹੀਂ ਬਣਿਆ। ਗੁਰੂ ਜੀ ਦੱਸ ਰਹੇ ਹਨ ਕਿ ਜਦੋਂ ਜੀਵ ਰੂਪੀ ਇਸਤਰੀ ਕੋਲ ਕੁਝ ਸਿੱਖਣ, ਕੁਝ ਕਰਨ ਦਾ ਸਮਾਂ ਸੀ ਉਦੋਂ ਉਹ ਕੁਚੱਜੀ ਜੀਵ ਆਤਮਾ ਸੰਸਾਰਕ ਪਦਾਰਥਾਂ ਦੇ ਮੋਹ ਵਿਚ ਗ਼ਲਤਾਨ ਰਹੀ। ਕੁਚੱਜੀ ਬਾਣੀ ਰਾਹੀਂ ਗੁਰੂ ਜੀ ਜੀਵ ਰੂਪੀ ਇਸਤਰੀ ਨੂੰ ਸੁਚੱਜੀ ਬਣਨ ਦਾ ਉਪਦੇਸ਼ ਦਿੰਦੇ ਹਨ ਕਿ ਕਿਸ ਤਰ੍ਹਾਂ ਆਪਣੇ ਔਗੁਣਾਂ ਨੂੰ

ਗੁਣਾਂ ਵਿਚ ਤਬਦੀਲ ਕਰ ਸਕਦੀ ਹੈ। ਏਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ 'ਸੁਚੱਜੀ' ਬਾਣੀ ਵਿਚ ਜੀਵ ਰੂਪੀ ਇਸਤਰੀ ਦੇ ਗੁਣਾਂ ਬਾਬਤ ਚਰਚਾ ਕਰਦੇ ਹਨ। ਮਹਾਨ ਕੋਸ਼ ਅਨੁਸਾਰ, "ਸੁਭ ਅਚਾਰ ਵਾਲੀ, ਨੇਕ ਚੱਲਣ ਵਾਲੀ।"[27]

ਸੁਚੱਜੀ ਇਸਤਰੀ ਲਈ ਸੰਸਾਰਕ ਪਦਾਰਥ ਕਿਸੇ ਵੀ ਕੰਮ ਦੇ ਨਹੀਂ ਹਨ ਉਹ ਉਹਨਾਂ ਦਾਤਾਂ ਨੂੰ ਦੇਣ ਵਾਲੇ ਦਾਤਾਰ ਵੱਲ ਖਿਚੀ ਜਾਂਦੀ ਹੈ। ਜੋ ਇਸਤਰੀ ਆਪਣੇ ਪ੍ਰੀਤਮ ਪਿਆਰੇ ਦੀ ਰਜ਼ਾ ਵਿਚ ਜੋ ਰਹਿੰਦੀ ਹੈ ਉਹ ਇਸਤਰੀ 'ਸੁਚੱਜੀ' ਦੀ ਮੰਜ਼ਲ ਤੱਕ ਪਹੁੰਚ ਜਾਂਦੀ ਹੈ। 'ਗੁਣਵੰਤੀ' ਸਿਰਲੇਖ 'ਸੁਚੱਜੀ' ਤੋਂ ਬਆਦ 763 ਅੰਗ ਉੱਤੇ ਅੰਕਿਤ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਹੈ। ਇਸ ਵਿਚ ਉਸ ਜੀਵ ਰੂਪੀ ਇਸਤਰੀ ਦਾ ਵਰਣਨ ਕੀਤਾ ਗਿਆ ਹੈ ਜੋ ਗੁਣਾਂ ਨਾਲ ਭਰ ਜਾਂਦੀ ਹੈ। ਜਿਹੜਾ ਵੀ ਗੁਰੂ ਦਾ ਪਿਆਰਾ ਉਸ ਗੁਣਾਂ ਵਾਲੀ ਜੀਵ ਇਸਤਰੀ ਨੂੰ ਮਿਲਦਾ ਹੈ। ਉਹਨਾਂ ਦੋਹਾਂ ਵਿਚ ਗੁਣਾਂ ਦੀ ਸਾਂਝ ਹੋਣ ਕਾਰਨ ਉਹ ਇਕ ਦੂਜੇ ਤੋਂ ਬਲਿਹਾਰੇ ਜਾਂਦੇ ਹਨ। ਉਹ ਇਕ ਦੂਜੇ ਨੂੰ ਨਿਵ-ਨਿਵ ਮਿਲਦੇ ਨਜ਼ਰ ਆਉਂਦੇ ਹਨ। ਗੁਣਵੰਤੀ ਬਾਣੀ ਵਿਚ ਵਿਅਕਤੀ ਵਿਚ ਨਿਮਨਲਿਖਤ ਗੁਣ ਹੋਣੇ ਚਾਹੀਦੇ ਹਨ-

- ਸਭ ਤੋਂ ਪਹਿਲਾਂ ਦੈਵੀ ਗੁਣ ਨਿਮਨ ਦਾ ਹੈ।
- ਦੂਜਾ ਦੈਵੀ ਗੁਣ ਖਿਮਾ ਕਰਨ ਦਾ ਹੈ।
- ਤੀਜਾ ਦੈਵੀ ਗੁਣ ਬੰਦੇ ਦੀ ਜ਼ੁਬਾਨ ਵਿਚ ਮਿਠਾਸ ਹੋਣ ਦਾ ਹੈ।

ਗੁਰੂ ਜੀ ਫ਼ੁਰਮਾਉਂਦੇ ਹਨ ਜਿਨ੍ਹਾਂ ਵਿਚ ਇਹ ਤਿੰਨੇ ਗੁਣ ਆ ਜਾਣ ਉਸ ਨੂੰ ਗੁਣਵੰਤੀ ਦਾ ਧਾਰਨੀ ਕਿਹਾ ਜਾਂਦਾ ਹੈ। ਉਪਰੋਕਤ ਬਾਣੀਆਂ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰਮਤਿ ਭਗਤੀ ਦਾ ਸੁਭਾਅ ਮਨੁੱਖੀ ਆਤਮਾ ਨੂੰ ਇਸਤਰੀ ਰੂਪ ਵਿਚ ਦਿਖਾ ਕੇ ਉਸਦਾ ਰੱਬ ਨਾਲ ਪ੍ਰੇਮ, ਮਿਲਾਪ ਅਤੇ ਅਧੀਨਤਾ ਨੂੰ ਪੇਸ਼ ਕਰਨਾ ਹੈ। ਇਹ ਇਕ ਅਲੰਕਾਰਕ ਭਾਵ ਹੈ, ਜੋ ਰੱਬ ਨਾਲ ਮਿਲਾਪ ਨੂੰ ਸਮਝਾਉਣ ਲਈ ਵਰਤਿਆ ਗਿਆ ਹੈ।

**ਨਿਸਕਰਸ਼ -** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਲੋਕਧਾਰਾਈ ਅਧਿਐਨ ਇਹ ਗੱਲ ਸਪੱਸ਼ਟ ਕਰਦਾ ਹੈ ਕਿ ਲੋਕਧਾਰਾ ਅਤੇ ਗੁਰਬਾਣੀ ਦਾ ਆਪਸ ਵਿਚ ਰਿਸ਼ਤਾ ਬਹੁਤ ਗਹਿਰਾ ਹੈ। ਗੁਰੂਆਂ ਅਤੇ ਭਗਤਾਂ ਨੇ ਆਪਣੇ ਸੰਦੇਸ਼ ਸਮੁੱਚੀ ਲੋਕਾਈ ਤੱਕ ਪਹੁੰਚਾਉਂਣ ਲਈ ਲੋਕਧਾਰਾ ਦੇ ਕਾਵਿ ਰੂਪਾਂ ਨੂੰ ਅਪਣਾਇਆ ਪਰੰਤੂ ਇਹ ਲੋਕਧਾਰਾਈ ਕਾਵਿ-ਰੂਪ ਦੀ ਨਕਲ ਨਹੀਂ ਸੀ ਸਗੋਂ ਉਹਨਾਂ ਦਾ ਰੂਪਾਂਤਰਣ ਸੀ। ਲੋਕਧਾਰਾ ਵਿਚਲੇ ਜੀਵਨ ਦੇ ਲੋਕਿਕ ਅਨੁਭਵਾਂ ਨੂੰ ਗੁਰਬਾਣੀ ਵਿਚ ਉੱਚੇ ਅਧਿਆਤਮਕ ਅਰਥਾਂ ਨਾਲ ਜੋੜ ਕੇ ਵਿਸ਼ਾਲ ਅਰਥ ਦਿੱਤੇ ਗਏ ਹਨ। ਲੋਕ-ਕਾਵਿ ਰੂਪਾਂ ਨੇ ਗੁਰਬਾਣੀ ਨਾਲ ਜੁੜ ਕੇ ਨਵੀਂ ਰੌਸ਼ਨੀ ਪ੍ਰਾਪਤ ਕੀਤੀ ਹੈ। ਲੋਕਧਾਰਾ ਦਾ ਇਹ ਰੂਪ ਗੁਰਬਾਣੀ ਵਿਚ ਰੂਹਾਨੀ ਸੱਚਾਈਆਂ ਅਤੇ ਵਿਸ਼ਵ ਮੁੱਲਾਂ ਦੇ ਪ੍ਰਤੀਕ ਬਣ ਕੇ ਉਭਰਿਆ ਹੈ। ਲੋਕਧਾਰਾ ਵਿਚ ਸਥਾਪਤ ਜੀਵਨ ਅਨੁਭਵਾਂ ਤੱਕ ਹੀ ਸੀਮਿਤ ਸੀ। ਉੱਥੇ ਗੁਰਬਾਣੀ ਨੇ ਉਹਨਾਂ ਨੂੰ ਵਿਸ਼ਵ ਭਰਤਾ ਬਖ਼ਸ਼ੀ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਲੋਕਧਾਰਾ ਅਤੇ ਅਧਿਆਤਮਕ ਦਾ ਬਹੁਤ ਹੀ ਸੁੰਦਰ ਮਿਲਾਪ ਹੈ। ਇਹ ਕਥਨ ਵੀ ਗੌਰਤਲਬ ਹੈ ਕਿ ਗੁਰਬਾਣੀ ਵਿਚ ਲੋਕਧਾਰਾ ਦੇ ਰੂਪਾਂਤਰਣ ਨੇ ਇਸਨੂੰ ਲੋਕਾਈ ਲਈ ਹੋਰ ਵੀ ਨੇੜਤਾ ਦਾ ਧਾਰਨੀ ਬਣਾਇਆ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਧਾਰਮਿਕ ਗ੍ਰੰਥ ਦੇ ਨਾਲ- ਨਾਲ ਇਕ ਲੋਕਧਾਰਾਈ ਸਾਹਿਤਿਕ ਅਤੇ

ਸਭਿਆਚਾਰਿਕ ਵਿਰਾਸਤ ਵੀ ਮੰਨਦੇ ਹਾਂ। ਲੋਕਧਾਰਾਈ ਕਾਵਿ-ਰੂਪਾਂ ਤੋਂ ਗੁਰਬਾਣੀ ਤੱਕ ਦੀ ਰੂਪਾਂਤਰਣ ਦੀ ਪ੍ਰਕਿਰਿਆ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਵੀ ਵਿਲੱਖਣ ਯੋਗਦਾਨ ਪਾਉਂਦੀ ਹੈ। ਇਹ ਪ੍ਰਕਿਰਿਆ ਸਿਰਫ਼ ਰੂਪਾਂ ਦੀ ਬਦਲੀ ਨਹੀਂ ਸਗੋਂ ਵਿਚਾਰਧਾਰਾਈ ਧਰਾਤਲ ਨੂੰ ਉੱਚੇ ਪੱਧਰ ਤੱਕ ਲਿਜਾਣ ਦੀ ਯਾਤਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੇ ਲੋਕਧਾਰਾ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਮਨੁੱਖਤਾ ਨੂੰ ਵਿਸ਼ਵ-ਪੱਧਰੀ ਅਧਿਆਤਮਕਤਾ ਨਾਲ ਜੋੜਿਆ।

ਹਵਾਲੇ ਅਤੇ ਟਿੱਪਣੀਆਂ-

1. ਬੇਦੀ, ਸੁਹਿੰਦਰ ਸਿੰਘ, ਗੁਰੂ ਨਾਨਕ ਤੇ ਲੋਕ ਪ੍ਰਵਾਹ, ਨੈਸ਼ਨਲ, ਬੁੱਕ ਸ਼ਾਪ, ਦਿੱਲੀ, 1971, ਪੰਨਾ 7
2. ਡਾ. ਨਾਹਰ ਸਿੰਘ, ਚੰਨਾ ਵੇ ਤੇਰੀ ਚੰਨਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998,ਪੰਨਾ 2
3. ਡਾ. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਪੰਜਵੀਂ, ਪੰਨਾ, 823
4. ਮਹਾਨ ਕੋਸ਼, ਪੰਨਾ 1065
5. ਲੋਕਧਾਰਾ ਵਿਸ਼ਵ ਕੋਸ਼, ਜਿਲਦ ਅੱਠਵੀਂ , ਪੰਨਾ 2015
6. ਗੁਰੂ ਗ੍ਰੰਥ ਸਾਹਿਬ, ਪੰਨਾ 773
7. ਉਹੀ, ਉਹੀ
8. ਉਹੀ,ਉਹੀ
9. ਉਹੀ,ਉਹੀ
10. ਜਗਦੀਸ਼ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 87
11. ਗੁਰੂ ਗ੍ਰੰਥ ਸੰਕੇਤ ਕੋਸ਼,ਪੰਨਾ 280
12. ਮਹਾਨ ਕੋਸ਼,ਪੰਨਾ 986
13. ਗੁਰੂ ਗ੍ਰੰਥ ਸੰਕੇਤ ਕੋਸ਼,ਪੰਨਾ 170
14. ਉਹੀ, ਉਹੀ
15. ਜਗਦੀਸ਼ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 89
16. ਲੋਕਧਾਰਾ ਵਿਸ਼ਵ ਕੋਸ਼, ਜਿਲਦ ਦੂਜੀ ਤੇ ਤੀਜੀ, ਪੰਨਾ 264, 265
17. ਉਹੀ, 265
18. ਉਹੀ, ਪੰਨਾ 139

19. ਡਾ.ਨਾਹਰ ਸਿੰਘ, , ਲੋਕ-ਕਾਵਿ ਦੀ ਸਿਰਜਨ ਪ੍ਰਕਿਰਿਆ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983, ਪੰਨਾ 167

20. ਜਗਦੀਸ਼ ਕੌਰ (ਡਾ.), ਗੁਰੂ ਗ੍ਰੰਥ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 93

21. ਗੁਰੂ ਗ੍ਰੰਥ ਸੰਕੇਤ ਕੋਸ਼,ਪੰਨਾ 96

22. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ ਰੂਪ, ਪੰਜਾਬੀ ਰਾਈਰਰਜ਼ ਕੋਆਪਰੇਟਿਵ, ਦਿੱਲੀ,1980, ਪੰਨਾ 45

23. ਜਗਦੀਸ਼ ਕੌਰ (ਡਾ.), ਗੁਰੂ ਗ੍ਰੰਥ ਸਾਹਿਬ ਕਾਵਿ ਦਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 98

24. ਉਹੀ, ਪੰਨਾ 99

25. ਮਹਾਨ ਕੋਸ਼, ਪੰਨਾ 336

26. ਮਹਾਨ ਕੋਸ਼, ਪੰਨਾ 210